ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 24-02-2024 • Vol.42 No.08 • Ph. : 0175-2214575, 90410-14575 • Page : 16 | E-mail : khetiduniyan1983@gmail.com


## ਅੰਦਰ ਪੜ੍ਹੋ



ਕਿਸਾਨ ਸੰਘਰਸ਼ ਦੇ ਰਾਹ ਤੇ ਕਿਉਂ ?



ਘਰਾਂ ਅਤੇ ਘਰਾਂ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਲਈ ਸਜਾਵਟੀ ਬੂਟੇ ਲਗਾ

# ਕਣਕ ਨੂੰ ਪੀਲੀ ਕੁੰਗੀ ਤੋਂ ਬਚਾਉਣ ਲਈ ਫਸਲ ਦਾ ਨਿਰੀਖਣ ਕਰੋ



ਕਿਸਾਨ ਭਰਾਵੋ ਪੰਜਾਬ ਵਿਚ ਪੀਲੀ ਕੁੰਗੀ ਦਾ ਸ਼ੁਰੂਆਤੀ ਹਮਲਾ ਹਰ ਸਾਲ ਦੀ ਤਰ੍ਹਾਂ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਜਿਵੇਂ ਕਿ ਰੋਪੜ, ਅਨੰਦਪੁਰ ਸਾਹਿਬ, ਨੂਰਪੁਰ ਬੇਦੀ, ਗੜ੍ਹਸ਼ੰਕਰ, ਨਵਾਂ ਸ਼ਹਿਰ, ਬਲਾਚੌਰ, ਹੁਸ਼ਿਆਰਪੁਰ, ਮਾਹਿਲਪੁਰ, ਮੁਕੇਰੀਆਂ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਰਮਦਾਸ, ਕਲਾਨੌਰ, ਪਠਾਨਕੋਟ ਆਦਿ ਵਿਚ ਸ਼ੁਰੂ ਹੁੰਦਾ ਹੈ ਅਤੇ ਬਾਅਦ ਵਿਚ ਬਾਕੀ ਦੇ ਇਲਾਕਿਆਂ ਵਿਚ ਫੈਲ ਜਾਂਦਾ ਹੈ ।

ਬਿਮਾਰੀ ਦੀ ਉੱਲੀ ਗਰਮੀਆਂ ਦੀ ਰੁੱਤ ਵਿੱਚ ਪਹਾੜੀ ਇਲਾਕਿਆਂ ਵਿਚ ਬੀਜੀ ਕਣਕ ਦੇ ਉੱਪਰ ਪਲਦੀ ਰਹਿੰਦੀ ਹੈ । ਜਿੱਥੋਂ ਇਸ ਦੇ ਕਣ ਹਵਾ ਰਾਹੀਂ ਉੱਡ ਕੇ ਸਰਦੀਆਂ ਦੇ ਮੌਸਮ ਵਿਚ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿਚ ਬੀਜੀ ਕਣਕ ਤੇ ਧੌੜੀਆਂ ਵਿਚ ਹਮਲਾ ਕਰ ਦਿੰਦੇ ਹਨ ।

ਪੀਲੀ ਕੁੰਗੀ ਦਾ ਸ਼ੁਰੂਆਤੀ ਹਮਲਾ ਧੌੜੀਆਂ ਵਿਚ ਨਜ਼ਰ ਆਉਂਦਾ ਹੈ ਜਿਸ ਨਾਲ ਪੱਤਿਆਂ ਉੱਤੇ ਪੀਲੇ ਰੰਗ ਦੀਆਂ ਧਾਰੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਹਲਦੀ ਜਾਂ ਪੀਲੇ ਰੰਗ ਦਾ ਧੂੜਾ ਨਿਕਲਦਾ ਹੈ । ਜੇਕਰ ਬਿਮਾਰੀ ਵਾਲੇ ਪੱਤਿਆਂ ਨੂੰ ਛੂਹਿਆਂ ਜਾਵੇ ਤਾਂ ਬਿਮਾਰੀ ਵਾਲਾ ਧੂੜਾ ਉਂਗਲੀਆਂ ਉੱਤੇ ਪ੍ਰਤੱਖ ਨਜ਼ਰ ਆਉਂਦਾ ਹੈ । ਬਾਅਦ ਵਿੱਚ ਇਹ ਧੂੜਾ ਨੇੜੇ ਦੇ ਖੇਤਾਂ ਵਿਚ ਹਵਾ ਦੇ ਨਾਲ ਫੈਲ ਜਾਂਦਾ ਹੈ ਜਿਸ ਨਾਲ ਬਿਮਾਰੀ ਦੂਰ ਤੱਕ ਫੈਲ ਜਾਂਦਾ ਹੈ । ਅਨੁਕੂਲ ਮੌਸਮ ਵਿਚ ਇਹ ਧਾਰੀਆਂ ਪੱਤੇ ਦੀ ਸ਼ੀਥ ਉੱਪਰ ਵੀ ਬਣ ਜਾਂਦੀਆਂ ਹਨ । ਬਿਮਾਰੀ ਨਾਲ ਪ੍ਰਭਾਵਿਤ ਪੱਤੇ ਸੁੱਕ ਜਾਂਦੇ ਹਨ ਅਤੇ ਦਾਣੇ ਸੁੰਗੜ ਜਾਂਦੇ ਹਨ ਜਿਸ ਕਰਕੇ ਕਣਕ ਦਾ ਝਾੜ ਘੱਟ ਜਾਂਦਾ ਹੈ । ਮੌਸਮ ਗਰਮ ਹੋਣ ਤੇ ਇਹ ਪੀਲੀਆਂ ਧਾਰੀਆਂ ਕਾਲੇ ਰੰਗ ਵਿਚ ਬਦਲ ਜਾਂਦੀਆਂ ਹਨ ।

### ਰੋਕਥਾਮ

★ ਇਸ ਬਿਮਾਰੀ ਦਾ ਹਮਲਾ ਧੌੜੀਆਂ ਵਿਚ ਹੀ ਹੁੰਦਾ ਹੈ । ਇਨੀਂ ਦਿਨੀਂ ਨੀਮ ਪਹਾੜੀ ਖੇਤਰਾਂ ਵਿਚ ਪੀਲੀ ਕੁੰਗੀ ਦੇ ਸ਼ੁਰੂਆਤੀ ਹਮਲੇ ਦਾ ਪਤਾ ਲਗਾਉਣ ਲਈ ਆਪਣੇ ਖੇਤਾਂ ਦਾ ਚੰਗੀ ਤਰ੍ਹਾਂ ਨਿਰੀਖਣ ਕਰੋ ।

★ ਜੇਕਰ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਪੀਲੀ ਕੁੰਗੀ ਦੀ ਸ਼ੁਰੂਆਤੀ ਆਮਦ ਵਾਲੀਆਂ ਧੌੜੀਆਂ ਤੇ ਕੈਵੀਅਟ ਜਾਂ ਕਸਟੋਡੀਆ ਜਾਂ ਓਪੇਰਾ ਜਾਂ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਸਟਿਲਟ ਜਾਂ ਕੰਮਪਾਸ ਜਾਂ ਮਾਰਕਜ਼ੋਲ ਦੇ 0.1 ਪ੍ਰਤੀਸ਼ਤ ਘੋਲ (1 ਮਿ. ਲਿ. ਪ੍ਰਤੀ ਲਿਟਰ ਪਾਣੀ) ਦਾ ਛਿੜਕਾਅ ਕਰਕੇ ਸਮੇਂ ਸਿਰ ਕਾਬੂ ਕਰੋ ।

★ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਲੋੜ ਪੈਣ ਤੇ ਇਹ ਛਿੜਕਾਅ ਫਿਰ ਦੁਹਰਾਓ ਤਾਂ ਜੋ ਉੱਪਰ ਵਾਲੇ, 2-3 ਪੱਤੇ ਬਿਮਾਰੀ ਤੋਂ ਰਹਿਤ ਰਹਿਣ ।

★ ਜਦੋਂ ਪੀਲੀ ਕੁੰਗੀ ਦੀਆਂ ਧਾਰੀਆਂ ਕਾਲੇ ਰੰਗ ਵਿਚ ਬਦਲ ਜਾਣ ਤਾਂ ਉੱਲੀਨਾਸ਼ਕਾਂ ਦਾ ਛਿੜਕਾਅ ਨਾ ਕਰੋ ।


**ਅਮਰਜੀਤ ਸਿੰਘ, ਪੌਦਾ ਰੋਗ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 94637-47280)


# ਕਣਕ ਦੀ ਫਸਲ ਵਿਚ ਦੁਧੀਆ ਦਾਣੇ ਪੈਣ ਤੋਂ ਪਹਿਲਾਂ ਚੂਹਿਆਂ ਦੀ ਰੋਕਥਾਮ

ਕਣਕ ਦੀ ਫਸਲ ਵਿਚ ਦੁਧੀਆ ਦਾਣੇ ਪੈਣ ਤੋਂ ਪਹਿਲਾਂ ਜੇਕਰ ਇੱਕ ਏਕੜ ਵਿਚ ਚੂਹਿਆਂ ਦੀਆਂ 10 ਤੋਂ ਵੱਧ ਤਾਜ਼ੀਆਂ ਖੁੱਡਾ ਹੋਣ ਤੇ ਜ਼ਿੰਕ ਫਾਸਫਾਈਡ ਜਾਂ ਬਰੋਮਾਡਾਈਲੋਨ ਦਾ ਜ਼ਹਿਰੀਲਾ ਚੋਗ 400 ਗ੍ਰਾਮ ਪ੍ਰਤੀ ਏਕੜ ਕਾਗਜ਼ ਦੇ ਟੁਕੜਿਆਂ ਉੱਪਰ 40 ਥਾਵਾਂ ਤੇ ਰੱਖੋ । ਚੂਹਿਆਂ ਦਾ ਜ਼ਹਿਰੀਲੇ ਚੋਗ ਨੂੰ ਖਾਣਾ, ਚੋਗ



ਵਿਚ ਵਰਤੇ ਗਏ ਦਾਣਿਆਂ ਦੇ ਸੁਆਦ ਅਤੇ ਮਹਿਕ ਉੱਪਰ ਨਿਰਭਰ ਕਰਦਾ ਹੈ । ਜ਼ਹਿਰੀਲਾ ਚੋਗ ਸਿਫਾਰਸ਼ ਕੀਤੇ ਢੰਗ ਨਾਲ ਇਸ ਪ੍ਰਕਾਰ ਬਣਾਓ :

**2% ਜ਼ਿੰਕ ਫਾਸਫਾਈਡ ਵਾਲਾ ਚੋਗ**

1 ਕਿਲੋ ਕਣਕ ਦਾ ਦਰੜ ਜਾਂ ਬਾਜਰਾ, ਜਵਾਰ ਆਦਿ ਦੇ ਦਾਣੇ, 20 ਗ੍ਰਾਮ ਖਾਣ ਵਾਲਾ ਰਿਫਾਇੰਡ ਤੇਲ ਤੇ 20 ਗ੍ਰਾਮ ਪੀਸੀ ਖੰਡ ਦੇ ਮਿਸ਼ਰਣ ਵਿਚ 25 ਗ੍ਰਾਮ ਜ਼ਿੰਕ ਫਾਸਫਾਈਡ ਦਵਾਈ ਦਾ ਪਾਊਡਰ ਕਿਸੇ ਭਾਂਡੇ ਵਿਚ ਚੰਗੀ ਤਰ੍ਹਾਂ ਰਲਾਉ ।

**0.005% ਬਰੋਮਾਡਾਈਲੋਨ ਵਾਲਾ ਚੋਗ**

1 ਕਿਲੋ ਕਣਕ ਦਾ ਦਰੜ ਜਾਂ ਬਾਜਰਾ, ਜਵਾਰ ਆਦਿ ਦੇ ਦਾਣੇ, 20 ਗ੍ਰਾਮ ਖਾਣ ਵਾਲਾ ਰਿਫਾਇੰਡ ਤੇਲ ਤੇ 20 ਗ੍ਰਾਮ ਪੀਸੀ ਖੰਡ ਦੇ ਮਿਸ਼ਰਣ ਵਿਚ 20 ਗ੍ਰਾਮ ਬਰੋਮਾਡਾਈਲੋਨ ਦਵਾਈ ਦਾ ਪਾਊਡਰ ਕਿਸੇ ਭਾਂਡੇ ਵਿਚ ਚੰਗੀ ਤਰ੍ਹਾਂ ਰਲਾਉ ।


**ਨੀਨਾ ਸਿੰਗਲਾ, ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋ. 93573-25446**



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ 2024 ਵਿੱਚ ਲਗਾਏ ਜਾ ਰਹੇ

ਕਿਸਾਨ ਮੇਲੇ

ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ

ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ

ਬਠਿੰਡਾ 12 ਮਾਰਚ

ਫਰੀਦਕੋਟ 18 ਮਾਰਚ

ਗੁਰਦਾਸਪੁਰ 20 ਮਾਰਚ

ਰੌਣੀ (ਪਟਿਆਲਾ) 22 ਮਾਰਚ

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 28 ਫਰਵਰੀ ਤੋਂ 1 ਮਾਰਚ ਤੱਕ



ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ ਨੂੰ

ਖੇਤੀ ਦੁਨੀਆਂ ਦੇ ਸਟਾਲ ਨੰ.229 'ਤੇ ਪਧਾਰੋ।

# ਪੰਜਾਬ ਅਤੇ ਪੰਜਾਬੀਆਂ ਨੂੰ ਹਰ ਖੇਤਰ ਵਿਚ ਕਿਉਂ ਭੰਡਿਆ ਜਾ ਰਿਹਾ ਹੈ

ਅੱਜ ਕੱਲ ਕੁੱਝ ਬੁੱਧੀਜੀਵੀ ਅਤੇ ਸਿਆਸਤਦਾਨਾਂ ਨੇ ਸਮਾਜ ਵਿਚ ਆਪਣਾ ਰੁੱਤਬਾ ਉੱਚਾ ਕਰਨ ਲਈ ਪੰਜਾਬੀਆਂ ਨੂੰ ਹੀ ਭੰਡਣ ਤੇ ਜ਼ੋਰ ਦਿੱਤਾ ਹੈ ਅਤੇ ਸਮਝਦੇ ਹਨ ਉਹ ਹੀ ਪੰਜਾਬ ਨੂੰ ਸੁਧਾਰ ਸਕਦੇ ਹਨ । ਇਹਨਾਂ ਸਭ ਦੇ ਨਿਸ਼ਾਨੇ ਤੇ ਬਹੁਤੀ ਵੇਰ ਪੰਜਾਬ ਦੇ ਕਿਸਾਨ ਅਤੇ ਨੌਜਵਾਨ ਹੀ ਹੁੰਦੇ ਹਨ । ਇਹਨਾਂ ਵੱਲੋਂ ਕੋਈ ਕਸਰ ਨਹੀਂ ਛੱਡੀ ਜਾਂਦੀ ਪੰਜਾਬ ਦੀ ਕਿਸਾਨੀ ਅਤੇ ਨੌਜਵਾਨੀ ਵਿਚ ਤਰੁੱਟੀਆਂ ਗਿਣਾਉਣ ਦੀ । ਜਿੰਨਾਂ ਕੂੜ ਪ੍ਰਚਾਰ ਇਸ ਵੇਲੇ ਪੰਜਾਬ ਲਈ ਹੋ ਰਿਹਾ ਹੈ ਸ਼ਾਇਦ ਹੀ ਪਿਛਲੇ ਇਕ ਦਹਾਕੇ ਵਿਚ ਕਿਸੇ ਹੋਰ ਸੂਬੇ ਜਾਂ ਉਥੋਂ ਦੇ ਵਸਿੰਦਿਆਂ ਦਾ ਹੋਇਆ ਹੋਵੇ । ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁੱਝ ਲਾਲਚੀ ਲੋਕਾਂ ਵੱਲੋਂ ਪੰਜਾਬ ਨੂੰ ਤਬਾਹੀ ਵੱਲ ਧੱਕਿਆ ਜਾ ਰਿਹਾ ਹੈ ਪਰ ਅਸਲੀ ਜੜ੍ਹ ਫੜਨ ਦੀ ਬਜਾਏ ਦੋਸ਼ ਉਹਨਾਂ ਲੋਕਾਂ ਤੇ ਪਾਇਆ ਜਾ ਰਿਹਾ ਹੈ ਜਿਹੜੇ ਲਿਖ ਕੇ ਜਾ ਬੋਲ ਕੇ ਆਪਣਾ ਪੱਖ ਠੀਕ ਢੰਗ ਨਾਲ ਲੋਕਾਂ ਅੱਗੇ ਨਹੀਂ ਰੱਖ ਸਕਦੇ ।



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

### ਜ਼ਹਿਰਾਂ ਦੀ ਖੇਤੀ

ਜਿਉਂ ਹੀ ਖੇਤੀ ਦੇ ਤਿੰਨ ਕਾਨੂੰਨ ਆਏ ਅਤੇ ਕਿਸਾਨ ਅੰਦੋਲਨ ਸ਼ੁਰੂ ਹੋਇਆ ਉਸ ਵੇਲੇ ਤੋਂ ਇਕ ਗੱਲ ਜੋ ਫੜੀ ਗਈ ਕਿ ਪੰਜਾਬ ਦੇ ਕਿਸਾਨ ਰਸਾਇਣ ਜ਼ਿਆਦਾ ਵਰਤਦੇ ਹਨ ਅਤੇ ਮਿਆਰੀ ਉਪਜ ਪੈਦਾ ਨਹੀਂ ਕਰਦੇ । ਅੱਜ ਜੋ ਅਸੀਂ ਰਸਾਇਣਿਕ ਖਾਦਾਂ ਵਰਤਦੇ ਹਾਂ ਉਹਨਾਂ ਨੂੰ ਵੀ ਜ਼ਹਿਰ ਦੱਸਿਆ ਜਾ ਰਿਹਾ ਹੈ । ਪਰ ਡਾਕਟਰ ਜੰਮਦੇ ਬੱਚੇ ਨੂੰ ਡੱਬੇ ਵਾਲੇ ਦੁੱਧ ਤੇ ਲਾ ਦਿੰਦੇ ਹਨ ਅਤੇ ਨਾਲ ਹੀ ਵੈਕਸੀਨਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਜੋ 10 ਸਾਲ ਤੱਕ ਚਲਦਾ ਹੈ ਫਿਰ ਕਈ ਤਰ੍ਹਾਂ ਦੇ ਵਿਟਾਮਿਨ ਅਤੇ ਹੋਰ ਕੈਲਸ਼ੀਅਮ ਵਗੈਰਾ ਵੀ ਸਿਫਾਰਿਸ਼ ਕੀਤੇ ਜਾਂਦੇ ਹਨ । ਕੀ ਇਹ ਵਿਟਾਮਿਨ, ਐਂਟੀਬਾਇਓਟਿਕ, ਸਪਲੀਮੈਂਟ ਰਸਾਇਣਾਂ ਤੋਂ ਤਿਆਰ ਨਹੀਂ ਹੁੰਦੇ ? ਆਦਮੀ ਬੀਮਾਰ ਹੁੰਦਾ ਹੈ ਤਾਂ 99 ਫੀਸਦੀ ਲੋਕ ਐਲੋਪੈਥੀ ਲੈਂਦੇ ਹਨ । ਕੀ ਇਹ ਦਵਾਈ ਜ਼ਹਿਰ ਹੈ ? ਜੇ ਇਹ ਜ਼ਹਿਰ



ਨਹੀਂ ਤਾਂ ਫਿਰ ਜੇ ਬੂਟੇ ਨੂੰ ਤਾਕਤ ਲਈ ਜਾਂ ਬੀਮਾਰੀ ਤੋਂ ਬਚਾਉਣ ਲਈ ਜੋ ਰਸਾਇਣਿਕ ਖਾਦਾਂ ਜਾਂ ਕੀਟਨਾਸ਼ਕ ਵਰਤੇ ਜਾਂਦੇ ਉਹ ਜ਼ਹਿਰ ਕਿਵੇਂ ? ਇਹਨਾਂ ਲੋਕਾਂ ਦੀ ਸੁਣੋ ਤਾਂ ਬਿਮਾਰੀਆਂ ਵੱਧਣ ਦਾ ਕਾਰਨ ਸਾਡੀ ਪੈਦਾ ਕੀਤੀ ਹੋਈ ਖੁਰਾਕ ਹੈ । ਪਰ ਇਸ ਦੇ ਉਲਟ ਸਾਡੀ ਔਸਤ ਉਮਰ 72 ਸਾਲ ਤੋਂ ਉੱਪਰ ਹੈ, ਜਿਹੜੀ ਹਰੀ ਕ੍ਰਾਂਤੀ ਤੋਂ ਪਹਿਲਾਂ 50 ਕੁ ਸਾਲ ਸੀ । ਜੇ ਅਸੀਂ 1970-80 ਤੋਂ 2000 ਤੱਕ ਦਾ ਡਾਟਾ ਲਈਏ ਤਾਂ ਬੀਮਾਰੀਆਂ ਘਟੀਆਂ ਸਨ । 1991 ਤੋਂ ਅਸੀਂ ਐਲ. ਪੀ. ਜੀ (ਲਿਬਰੇਲਾਈਜ਼ੇਸ਼ਨ, ਪਰਾਈਵੇਟਾਈਜ਼ੇਸ਼ਨ, ਗਲੋਬਲਾਈਜ਼ੇਸ਼ਨ) ਮਾਡਲ ਵਿਚ ਪੈਰ ਧਰਿਆ ਅਤੇ 2000 ਤੋਂ ਮਲਟੀ ਨੈਸ਼ਨਲ ਕੰਪਨੀਆਂ ਆਪਣੇ ਖਾਣੇ (ਪੀਜ਼ੇ, ਬਰਗਰ ਆਦਿ) ਇੱਥੇ ਲੈ ਕੇ ਆਈਆਂ ਉਦੋਂ ਤੋਂ ਬੀਮਾਰੀਆ ਵਧੀਆਂ । ਅੱਜ ਕੱਲ ਸਾਦੇ ਭੋਜਨ ਦੀ ਬਜਾਏ ਪ੍ਰੋਸੈਸਡ ਖਾਣਿਆਂ ਦੀ ਖਪਤ ਵੱਧ ਗਈ । ਇਸ ਵਿਚ ਕਈ ਪ੍ਰਕਾਰ ਦੇ ਪ੍ਰੇਜ਼ਰਵੇਟਿਵ, ਐਮਲਸੀਫਾਇਰ ਅਤੇ ਹੋਰ ਮਸਾਲੇ ਪਾ ਕੇ ਬਣਾਏ ਜਾਂਦੇ ਹਨ । ਅੱਜ ਬਰਗਰ, ਪੀਜ਼ੇ, ਜੋ ਖਾਂਦੇ ਹੋ ਉਸ ਤੇ ਮੋਜ਼ਰੇਲਾ ਚੀਜ਼ ਹੁੰਦਾ ਹੈ, ਉਹ ਖਿਚੋ ਤਾਂ ਰਬੜ ਵਾਂਗ ਵੱਧਦਾ ਹੈ । ਆਟੇ ਦੀ ਪੱਕੀ ਰੋਟੀ 24 ਘੰਟੇ ਨਹੀਂ ਕੱਟਦੀ ਪਰ ਬ੍ਰੈਡ ਦੀ ਲਾਈਫ 7 ਦਿਨਾਂ ਦੀ ਹੈ ਕੀ ਉਹ ਬਿਨਾਂ ਕਿਸੇ ਕੈਮੀਕਲ ਦੇ ਬਚ ਗਈ ।

### ਪੰਜਾਬ ਦੀ ਮਿੱਟੀ ਪਲੀਤ ਹੋ ਗਈ

ਕਈ ਬੁੱਧੀਜੀਵੀ ਉਪਰੋਕਤ ਸ਼ਬਦ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ ਅਤੇ ਕਹਿੰਦੇ ਹਨ ਪੰਜਾਬ ਦੀ ਮਿੱਟੀ (ਜ਼ਮੀਨ) ਕਿਸਾਨਾਂ ਨੇ ਖਰਾਬ ਕਰ ਦਿੱਤੀ । ਪਰ ਜ਼ਮੀਨ ਰਸਾਇਣਕ ਅਤੇ ਭੌਤਿਕ ਵਿਸ਼ੇਸ਼ਤਾਈਆਂ ਪੱਖੋਂ ਸੁਧਰੀ ਹੈ ਅਤੇ ਉਤਪਾਦਕਤਾ ਵਧੀ ਹੈ ।

ਹਰ ਜ਼ਮੀਨ ਵਿਚ ਆਰਗੈਨਿਕ ਮੈਟਰ (ਜੀਵਕ ਮਾਦਾ) ਉੱਥੇ ਉੱਗਣ ਵਾਲੀ ਬਨਸਪਤੀ ਅਤੇ ਵਾਤਾਵਰਨ ਤੇ ਨਿਰਭਰ ਕਰਦਾ ਹੈ । ਮਿਸਾਲ ਦੇ ਤੌਰ ਦੇ ਜਿੱਥੇ ਬਾਰਿਸ਼ ਜ਼ਿਆਦਾ ਹੁੰਦੀ ਹੈ ਅਤੇ ਤਾਪਮਾਨ ਘੱਟ ਰਹਿੰਦਾ ਹੈ ਉੱਥੇ ਆਰਗੈਨਿਕ ਮੈਟਰ ਜ਼ਿਆਦਾ ਹੋਵੇਗੀ ਉਸ ਦੇ ਮੁਕਾਬਲੇ ਉਹਨਾਂ ਇਲਾਕਿਆਂ ਦੇ ਜਿੱਥੇ ਬਾਰਿਸ਼ ਘੱਟ ਅਤੇ ਤਾਪਮਾਨ ਜ਼ਿਆਦਾ ਹੁੰਦਾ ਹੈ ਏਸੇ ਤਰ੍ਹਾਂ ਰੇਤਲੀਆਂ ਜ਼ਮੀਨਾਂ ਵਿਚ ਆਰਗੈਨਿਕ ਮੈਟਰ ਘੱਟ ਹੋਵੇਗੀ, ਮੈਰਾ ਜ਼ਮੀਨਾਂ ਦੇ ਮੁਕਾਬਲੇ ਕਿਉਂਕਿ ਰੇਤਾ ਛੇਤੀ ਗਰਮ ਹੁੰਦਾ ਹੈ ਅਤੇ ਉਸ ਕਰਕੇ ਜੇ ਰੂੜੀ ਆਦਿ ਪਾ ਕੇ ਜੈਵਿਕ ਮਾਦਾ ਵਧਾਉਣ ਦੀ ਕੋਸ਼ਿਸ਼ ਕਰੋ ਤਾਂ ਵੀ ਇਹ ਸੰਤੁਲਨ ਛੇਤੀ ਬਦਲਦਾ ਨਹੀਂ । ਆਰਗੈਨਿਕ ਮੈਟਰ ਦੀ ਮਾਤਰਾ ਜਾਨਣ ਲਈ ਜ਼ਮੀਨ ਵਿਚ ਆਰਗੈਨਿਕ ਕਾਰਬਨ ਪਰਖੀ ਜਾਂਦੀ ਹੈ ਜਿਹੜੀ ਆਰਗੈਨਿਕ ਮੈਟਰ ਵਿਚ 58 ਪ੍ਰਤੀਸ਼ਤ ਹੁੰਦੀ ਹੈ । ਪੰਜਾਬ ਦੀਆਂ ਜ਼ਮੀਨਾਂ ਵਿਚ 1975 ਵਿਚ ਆਰਗੈਨਿਕ ਕਾਰਬਨ 0.09 ਤੋਂ 0.6 ਪ੍ਰਤੀਸ਼ਤ ਤੱਕ ਸੀ । ਉਸ ਵੇਲੇ 85 ਪ੍ਰਤੀਸ਼ਤ ਜ਼ਮੀਨਾਂ ਆਰਗੈਨਿਕ ਕਾਰਬਨ 0.4 ਫੀਸਦੀ ਤੋਂ ਘੱਟ ਸੀ ਜੋ ਹੁਣ ਵੱਖ-ਵੱਖ ਜ਼ਮੀਨਾਂ ਵਿਚ 0.1 ਤੋਂ 0.3 ਫੀਸਦੀ ਤੱਕ ਵਧੀ ਹੈ, ਹਰੀ ਕ੍ਰਾਂਤੀ ਨਾਲ, ਭਾਵ ਘਣੀ ਖੇਤੀ ਨਾਲ ਆਰਗੈਨਿਕ ਕਾਰਬਨ ਵੱਧਦੀ ਹੈ ਘੱਟਦੀ ਨਹੀਂ ਕਿਉਂਕਿ ਫਸਲਾਂ ਦੀਆਂ ਜੜ੍ਹਾਂ ਆਦਿ ਦੇ ਰਹਿੰਦ ਖੂੰਦ ਤੋਂ ਹੀ ਆਰਗੈਨਿਕ ਮੈਟਰ ਬਣਦੀ ਹੈ ਜੇ ਫਸਲ ਚੰਗੀ ਹੋਵੇਗੀ ਤਾਂ ਰਹਿੰਦ ਖੂੰਦ ਵੀ ਵੱਧ ਹੋਵੇਗਾ ਦੂਜਾ ਸਾਲ ਵਿਚ ਦੋ ਜਾਂ ਤਿੰਨ ਫਸਲਾਂ ਲਵੋਗੇ ਤਾਂ ਜ਼ਮੀਨ ਵਿਚ ਪਾਣੀ ਲੱਗਦਾ ਰਹੇਗਾ ਅਤੇ ਠੰਡੀ ਰਹੇਗੀ ਜਿਸ ਨਾਲ ਰਸਾਇਣਕ ਪ੍ਰਕਿਰਿਆ ਘੱਟ ਹੋਵੇਗੀ ।

ਇਹ ਵੀ ਕਿਹਾ ਜਾਂਦਾ ਹੈ ਕਿ ਜੋ ਰਸਾਇਣਕ ਖਾਦ ਅਸੀਂ ਪਾਉਂਦੇ ਹਾਂ ਉਸ ਦਾ 30 ਪ੍ਰਤੀਸ਼ਤ ਫਸਲ ਲੈਂਦੀ ਹੈ ਬਾਕੀ ਜ਼ਮੀਨ ਵਿਚ ਰਹਿ ਕੇ ਜ਼ਮੀਨ ਨੂੰ ਬੰਜਰ ਬਣਾਉਂਦੀ ਹੈ । ਇਹ ਧਾਰਨਾ ਸਰਾ ਸਰ ਗਲਤ ਹੈ ਅਤੇ ਪੰਜਾਬ ਦੀ ਖੇਤੀ ਅਤੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਕੋਝੀ ਸਾਜਿਸ਼ ਹੈ । ਦੋ ਮੁੱਖ ਖਾਦਾਂ ਪੰਜਾਬ ਵਰਤਦਾ ਹੈ ਯੂਰਿਆ ਅਤੇ ਡੀ ਏ ਪੀ ਅਤੇ ਦੋ ਹੀ ਮੁੱਖ ਫਸਲਾਂ ਹਨ ਜੋ ਪੰਜਾਬ ਦੇ 80 ਫੀਸਦੀ ਤੋਂ ਵੱਧ ਰਕਬੇ ਵਿੱਚ ਬੀਜੀਆਂ ਜਾਂਦੀਆਂ ਹਨ । ਇਹਨਾਂ ਫਸਲਾਂ ਲਈ ਜਿੰਨੀ ਅਸੀਂ ਖਾਦ ਵਰਤਦੇ ਹਾਂ ਉਸ ਦਾ 85 ਫੀਸਦੀ ਤੋਂ ਵੱਧ ਹਰ ਸਾਲ ਕੱਢ ਲੈਂਦੇ ਹਾਂ ਅਤੇ ਬਾਕੀ ਜ਼ਮੀਨ ਵਿਚ ਰਹਿ ਜਾਂਦਾ ਹੈ । ਜੋ ਜ਼ਮੀਨ ਵਿਚ ਰਹਿ ਜਾਂਦਾ ਹੈ ਉਹ ਤੱਤ ਦੇ ਹਿਸਾਬ ਨਾਲ ਆਰਗੈਨਿਕ ਮੈਟਰ ਅਤੇ ਖਣਿਜ ਦੇ ਰੂਪ ਵਿਚ ਬਦਲ ਜਾਂਦਾ ਹੈ ਅਤੇ ਜੜ੍ਹਾਂ ਦੀ ਤਹਿ ਤੋਂ ਹੇਠਾਂ ਨਹੀਂ ਜਾਂਦਾ ਭਾਵ ਉਹ ਕਿਸੇ ਵੀ ਸ਼ਕਲ ਵਿੱਚ ਧਰਤੀ ਵਿਚਲੇ ਪਾਣੀ ਤੱਕ ਨਹੀਂ ਪਹੁੰਚਦਾ ।

ਜਿੰਨੇ ਵੀ ਰਸਾਇਣ ਕਿਸਾਨ ਵਰਤਦਾ ਹੈ ਉਹ ਸਾਰੇ ਬਾਇਓਡੀਗਰੇਡੇਬਲ ਹਨ । ਭਾਵ ਉਸਦਾ ਸਮੇਂ ਨਾਲ ਅਸਰ ਖਤਮ ਹੋ ਜਾਂਦਾ ਹੈ । ਸੋਚਣ ਵਾਲੀ ਗੱਲ ਇਹ ਹੈ ਕਿ ਸ਼ਹਿਰਾਂ ਦਾ ਗੰਦ, ਸੀਵਰ ਦਾ ਪਾਣੀ ਅਤੇ ਉਦਯੋਗ ਦਾ ਗੰਦਾ ਪਾਣੀ ਅਸੀਂ ਧਰਤੀ ਵਿਚ ਜਾਂ ਦਰਿਆਵਾਂ ਵਿਚ ਸਿੱਟੀ ਜਾਂਦੇ ਹਾਂ । ਜਿਸ ਵਿਚ ਕਈ ਤਰ੍ਹਾਂ ਦੇ ਰਸਾਇਣ ਬਾਇਓਡੀਗਰੇਡੇਬਲ ਨਹੀਂ ਹਨ । ਇਸ ਤੇ ਜੇ ਸਵਾਲ ਕੋਈ ਪੁੱਛਦਾ ਹੈ ਤਾਂ ਚਲਾਕੀ ਨਾਲ ਟਰੀਟਮੈਂਟ ਪਲਾਂਟ ਦੇ ਗੱਲ ਪਾ ਦਿੱਤੀ ਜਾਂਦੀ ਹੈ । ਪਹਿਲੀ ਗੱਲ ਤਾਂ ਕਾਰਪੋਰੇਸ਼ਨਾਂ ਅਤੇ ਕਮੇਟੀਆਂ ਦੇ ਸਾਰੇ ਟਰੀਟਮੈਂਟ ਪਲਾਂਟ ਕੰਮ ਨਹੀਂ ਕਰਦੇ । ਦੂਜੇ ਸਮਰੱਥਾ ਲੋੜ ਤੋਂ ਘੱਟ ਹੈ ਅਤੇ ਨਾ ਹੀ ਸਾਰੇ ਤਰ੍ਹਾਂ ਦੇ ਕੈਮੀਕਲ ਨੂੰ



ਸਾਫ ਕਰਨ ਦੇ ਸਮਰੱਥ ਹਨ । ਲੁਧਿਆਣੇ ਦੀ ਡਾਇੰਗ ਅਤੇ ਇੰਲੈਕਟਰੋ ਪਲੇਟਿੰਗ ਯੂਨਿਟਾਂ ਵਿਚ ਜਿਹੜੇ ਕੈਮੀਕਲ ਵਰਤੇ ਜਾਂਦੇ ਹਨ ਉਹਨਾਂ ਨੂੰ ਸਾਫ ਕਰਨਾ ਨਾਂਹ ਦੇ ਬਰਾਬਰ ਹੈ । ਬਹੁਤੇ ਉਦਯੋਗ ਤਾਂ ਟਰੀਟਮੈਂਟ ਪਲਾਂਟ ਖਰਚਾ ਬਚਾਉਣ ਵਿਚ ਚਲਾਉਂਦੇ ਵੀ ਨਹੀਂ । ਇਹ ਪਾਣੀ ਜਦੋਂ ਧਰਤੀ ਨੂੰ ਲੱਗਦਾ ਹੈ ਤਾਂ ਉਹ ਪਾਣੀ ਵਾਲੇ ਕੈਮੀਕਲ ਧਰਤੀ ਵਿਚ ਚਲੇ ਜਾਂਦੇ ਹਨ ਜਿਨ੍ਹਾਂ ਵਿਚੋਂ ਕੁਝ ਬੂਟੇ ਵਿਚ ਵੀ ਜਾਂਦੇ ਹਨ । ਕਿਸੇ ਬੂਟੇ ਦਾ ਵਿ ਸ਼ਲੇਸ਼ਣ ਕਰੋ ਤਾਂ ਉਸ ਵਿੱਚੋਂ 70 ਐਲੀਮੈਂਟ ਨਿਕਲਣਗੇ, ਜਿਨ੍ਹਾਂ ਵਿਚੋਂ ਜ਼ਰੂਰੀ 16 ਹਨ ਕਿਸਾਨ ਸਿਰਫ ਦੋ ਤੋਂ 4 ਤੱਤ ਹੀ ਪਾਉਂਦਾ ਹੈ ਵੱਖ-2 ਖੇਤਾਂ ਵਿਚ ਫਸਲ ਦੀ ਲੋੜ ਅਨੁਸਾਰ । ਇਹ ਤੱਤ ਇਨਸਾਨਾਂ ਲਈ ਵੀ ਜ਼ਰੂਰੀ ਹਨ ।

### ਆਰਗੈਨਿਕ ਜਾਂ ਕੁਦਰਤੀ ਖੇਤੀ

ਅੱਜ ਜਿਹੜੇ ਲੋਕ ਵਿਕਸਤ ਦੇਸ਼ਾਂ ਦੀ ਉਦਾਹਰਨ ਦੇ ਕੇ ਆਰਗੈਨਿਕ ਖੇਤੀ ਦੀਆਂ ਗੱਲਾਂ ਕਰਦੇ ਹਨ, ਉਹ ਭੁਲੇਖੇ ਵਿਚ ਹਨ । ਜਪਾਨ ਅਤੇ ਆਸਟਰੇਲੀਆ ਦੀ ਆਰਗੈਨਿਕ ਅਤੇ ਕੁਦਰਤੀ ਖੇਤੀ ਦੀ ਵੱਡੀ ਉਦਾਹਰਨ ਦਿੱਤੀ ਜਾਂਦੀ ਹੈ । ਜਪਾਨ ਵਿਚ ਆਰਗੈਨਿਕ ਖੇਤੀ ਸਿਰਫ 0.2 ਤੋਂ 0.5 ਫੀਸਦੀ ਰਕਬੇ ਤੇ ਕੀਤੀ ਜਾਂਦੀ ਹੈ ਅਤੇ ਆਸਟਰੇਲੀਆ ਵਿਚ 9.9 ਫੀਸਦੀ ਰਕਬੇ ਤੇ ਕਿਉਂਕਿ ਉੱਥੇ ਬਹੁਤੀ ਜ਼ਮੀਨ ਬਰਾਨੀ ਹੈ ।

### ਵਿਕਸਿਤ ਦੇਸ਼ਾਂ ਦੀ ਖੇਤੀ ਤੇ ਕਾਰਪੋਰੇਟ ਦਾ ਕਬਜ਼ਾ

ਇਸ ਵਿਚ ਸਭ ਤੋਂ ਵੱਡੀ ਉਦਾਹਰਨ ਹੈ ਅਮਰੀਕਾ ਜਿੱਥੇ ਕਾਰਪੋਰੇਟ ਘਰਾਣਿਆਂ ਨੇ ਛੋਟੇ ਕਿਸਾਨਾਂ ਨੂੰ ਹੌਲੀ-ਹੌਲੀ ਖੇਤੀ ਅਤੇ ਸਹਾਇਕ ਧੰਦੇ ਵਿੱਚੋਂ ਬਾਹਰ ਕੱਢਣਾ ਸ਼ੁਰੂ ਕੀਤਾ ਹੋਇਆ ਹੈ । ਇੱਥੇ ਕਈ ਦੁਨੀਆਂ ਦੇ ਅਮੀਰ ਲੋਕਾਂ ਦੇ ਲੱਖਾਂ ਏਕੜ ਦੇ ਫਾਰਮ ਹਨ । ਇਸ ਵਿਚ ਜ਼ਿਕਰ ਯੋਗ ਹੈ ਕਿ ਅਮਰੀਕਾ ਦੇ ਕੀਟਨਾਸ਼ਕ ਦੀ ਖਪਤ 2.5 ਕਿਲੋ ਪ੍ਰਤੀ ਹੈਕਟੇਅਰ ਹੈ, ਜਦਕਿ ਪੰਜਾਬ ਵਿਚ ਸਿਰਫ 740 ਗਰਾਮ । ਅਮਰੀਕਾ ਵਿਚ ਸਭ ਤੋਂ ਵੱਧ ਜਨੈਟੀਕਲੀ ਮਾਡੀਫਾਈਡ ਬੀਜ ਵਰਤੇ ਜਾਂਦੇ ਹਨ । ਇਸ ਦੇਸ਼ ਵਿਚ ਫੈਕਟਰੀ ਫਾਰਮਿੰਗ ਪ੍ਰਚਲਿਤ ਹੋ ਰਹੀ ਹੈ । ਇਸ ਦਾ ਭਾਵ ਹੈ ਕਿ ਡੇਅਰੀ ਦਾ ਧੰਦਾ ਵੀ ਪੋਲਟਰੀ ਦੀ ਤਰਜ਼ ਤੇ ਹੀ ਚਲਾਇਆ ਜਾਂਦਾ ਹੈ । ਇਸੇ ਤਰ੍ਹਾਂ ਸੂਰ ਅਤੇ ਮੀਟ ਵਾਲੇ ਪਸ਼ੂ ਵੀ ਕਦੇ ਸੂਰਜ ਦੀ ਕਿਰਨ ਨਹੀਂ ਵੇਖਦੇ । ਇੱਥੋਂ ਤੱਕ ਕਿ ਮੀਟ ਨੂੰ ਕਲੋਰੀਨ ਆਦਿ ਵਿਚ ਪਾ ਕੇ ਸਾਫ ਕੀਤਾ ਜਾਂਦਾ ਹੈ । ਜਿਹੜੇ ਅਮੀਰ ਲੋਕਾਂ ਨੇ ਅਮਰੀਕਾ ਦੇ ਕਿਸਾਨਾਂ ਨੂੰ ਉਹਨਾਂ ਦੀਆਂ ਜ਼ਮੀਨਾਂ ਤੋਂ ਸੁਰਖਰੂ ਕੀਤਾ ਹੈ । ਉਹ ਅਫਰੀਕਾ ਅਤੇ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਗਰਾਂਟ ਦਿੰਦੇ ਹਨ ਖੇਤੀ ਨੂੰ ਵਿਕਸਿਤ ਕਰਨ ਲਈ । ਉੱਧਰ ਇਹਨਾਂ ਨੇ ਯੂਰਪ ਦੀਆਂ ਪਾਲਿਸੀਆਂ ਵੀ ਬਦਲਾ ਦਿੱਤੀਆਂ ਹਨ ਜਿਸਦਾ ਸਦਕਾ ਜਰਮਨੀ ਅਤੇ ਫਰਾਂਸ ਵਰਗੇ ਦੇਸ਼ਾਂ ਦੇ ਕਿਸਾਨਾਂ ਨੂੰ ਵੀ ਸੜਕਾਂ 'ਤੇ ਉਤਰਨਾ ਪਿਆ । ਉਹਨਾਂ ਦਾ ਮਕਸਦ ਸਾਰੀ ਦੁਨੀਆਂ ਦੇ ਭੋਜਨ ਨੂੰ ਆਪਣੇ ਕਬਜ਼ੇ ਵਿੱਚ ਕਰਨ ਦਾ ਹੈ ।

### ਨਿਚੋੜ

ਸਮੂਹ ਪੰਜਾਬੀਆਂ ਨੂੰ ਅਪੀਲ ਹੈ ਕਿ ਕੂੜ ਪ੍ਰਚਾਰ ਤੋਂ ਬਚੋ । ਡੁੱਲੇ ਬੇਰ ਝੋਲੀ ਵਿਚ ਨਹੀਂ ਪੈਂਦੇ ਕਿਉਂ ਕਿ ਝੋਲੀ ਪਹਿਲਾਂ ਪਾਟਦੀ ਹੈ ।





# ਮਾਰਚ ਦੇ ਖੇਤੀ ਰੁਝੇਵੇਂ

## ਸਬਜ਼ੀਆਂ, ਦਾਲਾਂ ਤੇ ਗੰਨੇ ਦੀ ਬਿਜਾਈ ਕਰੋ ਪੂਰੀ

**ਇਸ ਵਾਰ ਠੰਡ ਨੇ ਵੀ ਪੂਰਾ ਜ਼ੋਰ ਵਿਖਾਇਆ ਹੈ । ਹਾੜ੍ਹੀ ਦੀਆਂ ਫਸਲਾਂ ਵਧੀਆ ਖੜ੍ਹੀਆਂ ਹਨ । ਹਰ ਪਾਸੇ ਖਿੜੇ ਫੁੱਲ ਅਤੇ ਰੁੱਖਾਂ ਦਾ ਨਵਾਂ ਫੁਟਾਰਾ ਅਦੁੱਤੀ ਨਜ਼ਾਰਾ ਪੇਸ਼ ਕਰਦੇ ਹਨ । ਜੇਕਰ ਗਰਮੀਆਂ ਦੀਆਂ ਸਬਜ਼ੀਆਂ ਦੀ ਬਿਜਾਈ ਨਹੀਂ ਕੀਤੀ ਤਾਂ ਹੋਰ ਦੇਰ ਕੀਤੇ ਬਿਨਾ ਹੁਣ ਕਰ ਲੈਣੀ ਚਾਹੀਦੀ ਹੈ । ਗੰਨੇ ਦੀ ਬਿਜਾਈ ਇਸੇ ਮਹੀਨੇ ਪੂਰੀ ਕਰ ਲਵੋ । ਗਰਮੀ ਰੁੱਤ ਦੀ ਮੂੰਗੀ ਅਤੇ ਮਾਂਹ ਦੀ ਬਿਜਾਈ ਇਸ ਮਹੀਨੇ ਦੇ ਅਖੀਰ ਵਿਚ ਕੀਤੀ ਜਾ ਸਕਦੀ ਹੈ ।**

ਡਾ. ਰਣਜੀਤ ਸਿੰਘ

ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਚਾਰ ਪ੍ਰਮੁੱਖ ਸਬਜ਼ੀਆਂ ਦੀ ਬਿਜਾਈ ਪਨੀਰੀ ਰਾਹੀਂ ਕੀਤੀ ਜਾਂਦੀ ਹੈ। ਟਮਾਟਰ, ਬੈਂਗਣ, ਮਿਰਚਾਂ ਤੇ ਸ਼ਿਮਲਾ ਮਿਰਚ ਦੀ ਪਨੀਰੀ ਪੁਟ ਕੇ ਖੇਤ ਵਿਚ ਲਗਾਉਣ ਦਾ ਇਹ ਢੁਕਵਾਂ ਸਮਾਂ ਹੈ ।

ਟਮਾਟਰ, ਬੈਂਗਣ ਅਤੇ ਮਿਰਚਾਂ ਦੀ ਜੇਕਰ ਆਪਣੀ ਪਨੀਰੀ ਤਿਆਰ ਨਹੀਂ ਕੀਤੀ ਤਾਂ ਕਿਸੇ ਭਰੋਸੇਯੋਗ ਵਸੀਲੇ ਤੋਂ ਪਨੀਰੀ ਖਰੀਦ ਕੇ ਵੀ ਲਗਾਈ ਜਾ ਸਕਦੀ ਹੈ । ਟੀ ਐਚ-2, ਟੀ ਐਚ-1, ਪੰਜਾਬ ਰੱਤਾ, ਪੰਜਾਬ ਉਪਮਾ, ਪੰਜਾਬ ਐਨ ਆਰ-7 ਅਤੇ ਪੰਜਾਬ ਛੁਹਾਰਾ ਟਮਾਟਰ ਦੀਆਂ ਸਿਫਾਰਸ਼ ਕੀਤੀਆਂ ਗਈਆਂ ਕੁਝ ਕਿਸਮਾਂ ਹਨ । ਟੀ ਐਚ-1 ਅਤੇ 2 ਦੋਗਲੀਆਂ ਕਿਸਮਾਂ ਹਨ । ਪਨੀਰੀ ਲਗਾਉਣ ਸਮੇਂ ਲਾਈਨਾਂ ਵਿਚਕਾਰ 75 ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ ।

ਪੰਜਾਬ ਨੀਲਮ, ਪੀ ਬੀ ਐਚ ਆਰ-41, ਪੀ ਬੀ ਐਚ ਆਰ-42 ਅਤੇ ਬੀ ਐਚ-2 ਗੋਲ ਬੈਂਗਣਾਂ ਦੀਆਂ ਕਿਸਮਾਂ ਹਨ । ਪੰਜਾਬ ਰੌਣਕ, ਪੀ ਬੀ ਐਚ 5, ਪੀ ਬੀ ਐਚ-4 ਅਤੇ ਪੰਜਾਬ ਸਦਾ ਬਹਾਰ ਲੰਬੇ ਬੈਂਗਣਾਂ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ । ਪੰਜਾਬ ਭਰਪੂਰ, ਪੀ ਬੀ ਐਚ-3 ਅਤੇ ਪੰਜਾਬ ਨਗੀਨਾ ਬੈਂਗਣੀ ਦੀਆਂ ਕਿਸਮਾਂ ਹਨ । ਦੋਗਲੀਆਂ ਕਿਸਮਾਂ ਦਾ ਪ੍ਰਤੀ ਏਕੜ 250 ਕੁਇੰਟਲ ਤੋਂ ਵੀ ਵਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ ।

ਮਿਰਚਾਂ ਦੀ ਪਨੀਰੀ ਵੀ ਪੁਟ ਕੇ ਖੇਤ ਵਿਚ ਲਗਾਉਣ ਲਈ ਹੁਣ ਢੁੱਕਵਾਂ ਸਮਾਂ ਹੈ । ਸੀ ਐਚ-27, ਸੀ ਐਚ-3 ਅਤੇ ਸੀ ਐਚ-1 ਸਿਫਾਰਸ਼ ਕੀਤੀਆਂ ਦੋਗਲੀਆਂ ਕਿਸਮਾਂ ਹਨ । ਪੰਜਾਬ ਸੰਧੂਰੀ, ਪੰਜਾਬ ਤੇਜ਼, ਪੰਜਾਬ ਸੁਰਖ ਅਤੇ ਪੰਜਾਬ ਗੁੱਛੇਦਾਰ ਦੂਜੀਆਂ ਉੱਨਤ ਕਿਸਮਾਂ ਹਨ । ਪਨੀਰੀ ਲਗਾਉਣ ਸਮੇਂ ਲਾਈਨਾਂ ਜਾਂ ਵੱਟਾਂ ਵਿਚਕਾਰ 75 ਅਤੇ ਬੂਟਿਆਂ ਵਿਚਕਾਰ 45 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ ।

ਸ਼ਿਮਲਾ ਮਿਰਚ ਦੀ ਪਨੀਰੀ ਵੀ ਪੁੱਟ ਖੇਤ ਵਿਚ ਲਗਾ ਦੇਣੀ ਚਾਹੀਦੀ ਹੈ । ਪਨੀਰੀ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖਿਆ ਜਾਵੇ । ਪੀ ਐਸ ਐਮ-1 ਉੱਨਤ ਕਿਸਮ ਹੈ ।

ਭਿੰਡੀ ਗਰਮੀਆਂ ਦੀ ਇਕ ਹੋਰ ਮੁੱਖ ਸਬਜ਼ੀ ਹੈ । ਪੰਜਾਬ ਸੁਹਾਵਣੀ, ਪੰਜਾਬ-8, ਪੰਜਾਬ-7 ਤੇ ਪੰਜਾਬ ਪਦਮਨੀ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਹਨ । ਇਕ ਏਕੜ ਲਈ ਹੁਣ 10 ਕਿਲੋ ਬੀਜ ਹੀ ਕਾਫੀ ਹੈ । ਬਿਜਾਈ ਸਮੇਂ ਲਾਈਨਾਂ ਵਿਚਕਾਰ 45 ਅਤੇ ਬੂਟਿਆਂ ਵਿਚਕਾਰ 15 ਸੈ. ਮੀਟਰ ਦਾ ਫਾਸਲਾ ਰੱਖਿਆ ਜਾਵੇ ।

ਖੇਤ ਤਿਆਰ ਕਰਨ ਤੋਂ ਪਹਿਲਾਂ ਘੱਟ-ਘੱਟ 10 ਟਨ ਰੂੜੀ ਪ੍ਰਤੀ ਏਕੜ ਪਾਈ ਜਾਵੇ । ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਅਨੁਸਾਰ ਕਰਨੀ ਚਾਹੀਦੀ ਹੈ । ਨਦੀਨ ਨਾਸ਼ਕਾਂ ਦੀ ਰੋਕਥਾਮ ਲਈ ਗੋਡੀ ਕਰੋ । ਜਿੱਥੋਂ ਤੱਕ ਹੋ ਸਕੇ ਨਦੀਨ ਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ । ਲੋਬੀਆਂ ਦੀਆਂ ਫਲੀਆਂ ਵੀ ਸਬਜ਼ੀ ਲਈ ਵਰਤੀਆਂ ਜਾਂਦੀਆਂ ਹਨ । ਕਾਉਪੀਜ਼ 263 ਕਿਸਮ ਦੀ ਕਾਸ਼ਤ ਕਰਨੀ ਚਾਹੀਦੀ ਹੈ । ਇਸ ਕਿਸਮ ਤੋਂ ਇਕ ਏਕੜ ਵਿਚੋਂ ਕੋਈ 35 ਕੁਇੰਟਲ ਹਰੀਆਂ ਫਲੀਆਂ ਪ੍ਰਾਪਤ ਹੋ ਜਾਂਦੀਆਂ ਹਨ । ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 45 ਅਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ । ਇਕ ਏਕੜ ਲਈ 10 ਕਿਲੋ ਬੀਜ ਦੀ ਵਰਤੋਂ ਕਰੋ ।

ਮਾਰਚ ਦੇ ਮਹੀਨੇ ਕੁਝ ਵਿਹਲ ਹੁੰਦੀ ਹੈ । ਮੌਸਮ ਵੀ ਸੋਹਣਾ ਹੋ ਜਾਂਦਾ ਹੈ । ਇਸੇ ਕਰਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਿਸਾਨ ਮੇਲੇ ਲਗਾਏ ਜਾਂਦੇ ਹਨ । ਤੁਸੀਂ ਸਾਰੇ ਹੁੰਮ-ਹੁੰਮਾ ਕੇ ਇਨ੍ਹਾਂ ਮੇਲਿਆਂ ਦਾ ਅਨੰਦ ਮਾਣਦੇ ਹੋ । ਹੋਰ ਕਿਸੇ ਵੀ ਸੰਸਥਾ ਵਿਚ ਇਤਨੀ ਭਾਰੀ ਗਿਣਤੀ ਵਿਚ ਕਿਸਾਨ ਮੇਲਾ ਵੇਖਣ ਨਹੀਂ ਆਉਂਦੇ । ਲੁਧਿਆਣੇ ਵਿਖੇ ਮੁੱਖ ਮੇਲਾ 14-15 ਮਾਰਚ ਨੂੰ ਹੋਵੇਗਾ । ਉੱਥੇ ਹਾਜ਼ਰ ਮਾਹਿਰਾਂ ਨਾਲ ਖੁੱਲ੍ਹ ਕੇ ਵਿਚਾਰ ਵਟਾਂਦਰਾ ਕਰੋ । ਆਪਣੀਆਂ ਸਮੱਸਿਆਵਾਂ ਦੇ ਹੱਲ ਉਨ੍ਹਾਂ ਤੋਂ ਪੁੱਛੋ ।

ਦਾਲਾਂ ਸਾਡੀ ਖੁਰਾਕ ਦਾ ਅਨਿਖੜਵਾਂ ਅੰਗ ਹਨ । ਮਾਂਹ ਅਤੇ ਮੂੰਗੀ ਤਾਂ ਪੰਜਾਬੀਆਂ ਦੀਆਂ ਮਨਭਾਉਂਦੀਆਂ ਦਾਲਾਂ ਹਨ । ਬਜ਼ਾਰ ਵਿਚ ਇਨ੍ਹਾਂ ਦੀ ਕੀਮਤ ਬਹੁਤ ਵਧ ਗਈ ਹੈ । ਕਿਸਾਨਾਂ ਨੂੰ ਚਾਹੀਦਾ ਹੈ ਕਿ ਘੱਟੋ-ਘੱਟ ਘਰ ਦੀ ਲੋੜ ਪੂਰੀ ਕਰਨ ਲਈ ਇਨ੍ਹਾਂ ਦੀ ਕੁਝ ਰਕਬੇ ਵਿਚ ਕਾਸ਼ਤ ਜ਼ਰੂਰ ਕੀਤੀ ਜਾਵੇ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਮਾਂਹ ਅਤੇ ਮੂੰਗੀ ਦੀਆਂ ਅਜੇਹੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਬਿਜਾਈ ਹੁਣ ਕੀਤੀ ਜਾ ਸਕਦੀ ਹੈ । ਐਸ. ਐਮ. ਐਲ-1827, ਐਸ. ਐਮ. ਐਲ-668, ਐਸ. ਐਮ. ਐਲ.-832, ਮੂੰਗੀ ਦੀਆਂ ਕਿਸਮਾਂ ਹਨ, ਜਦੋਂ ਕਿ ਮਾਂਹ-1008 ਅਤੇ ਮਾਂਹ-1137 ਮਾਹਾਂ ਦੀਆਂ ਕਿਸਮਾਂ ਹਨ । ਇਨ੍ਹਾਂ ਦੇ ਬੀਜ ਯੂਨੀਵਰਸਿਟੀ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ । ਮੂੰਗੀ ਦਾ 15 ਕਿਲੋ ਅਤੇ ਮਾਂਹਾਂ ਦਾ 20 ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ । ਦਾਲਾਂ ਦੀ ਕਾਸ਼ਤ ਧਰਤੀ ਦੀ ਸਿਹਤ ਵਿਚ ਸੁਧਾਰ ਕਰਦੀ ਹੈ ਪਰ ਫਿਰ ਵੀ ਬਿਜਾਈ ਸਮੇਂ 11 ਕਿਲੋ ਯੂਰੀਆ ਪ੍ਰਤੀ ਏਕੜ ਪਾਉਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੂੰਗੀ ਨੂੰ 100 ਕਿਲੋ ਅਤੇ ਮਾਂਹਾਂ ਨੂੰ 60 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਇਆ ਜਾਵੇ । ਨਦੀਨਾਂ ਦੀ ਰੋਕਥਾਮ ਲਈ ਇਕ ਗੋਡੀ ਜ਼ਰੂਰ ਕਰੋ । ਜੇਕਰ ਆਲੂਆਂ ਪਿੱਛੋਂ ਬਿਜਾਈ ਕਰਨੀ ਹੈ ਫਿਰ ਕਿਸੇ ਵੀ ਖਾਦ ਵੀ ਲੋੜ ਨਹੀਂ ਹੈ । ਦਾਲਾਂ ਦੀ ਬਿਜਾਈ ਇਸੇ ਮਹੀਨੇ ਕਰ ਦੇਣੀ ਚਾਹੀਦੀ ਹੈ ।

ਜਦੋਂ 80% ਫਲੀਆਂ ਪੱਕ ਜਾਣ ਤਾਂ ਵਾਢੀ ਕਰੋ । ਹੋ ਸਕੇ ਤਾਂ ਨਾੜ ਖੇਤ ਵਿਚ ਹੀ ਵਾਹ ਦੇਵੋ । ਜੇਕਰ ਕਮਾਦ ਦੀ ਬਿਜਾਈ ਅਜੇ ਨਹੀਂ ਕੀਤੀ ਤਾਂ ਇਸ ਨੂੰ ਪੂਰਾ ਕਰੋ । ਹੋਰ ਦੇਰ ਠੀਕ ਨਹੀਂ ਹੈ । ਹੁਣ ਦੀ ਬਿਜਾਈ ਲਈ ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ ਪੀ ਬੀ-94, ਸੀ ਓ-238, ਸੀ ਓ ਪੀ ਬੀ-91 ਅਤੇ ਸੀ ਓ ਜੇ-88 ਦੀ ਬਿਜਾਈ ਕਰੋ ।

ਕਣਕਾਂ ਨਿਖਰ ਆਈਆਂ ਹਨ । ਖੇਤਾਂ ਵਿਚ ਗੇੜਾ ਜ਼ਰੂਰ ਮਾਰੋ, ਜੇਕਰ ਕਾਂਗਿਆਰੀ ਦਾ ਕੋਈ ਸਿੱਟਾ ਨਜ਼ਰ ਆਵੇ ਤਾਂ ਉਸ ਨੂੰ ਪੁੱਟ ਕੇ ਨਸ਼ਟ ਕਰ ਦਿੱਤਾ ਜਾਵੇ । ਜਿਸ ਖੇਤ ਵਿੱਚੋਂ ਕਣਕ ਬੀਜ ਲਈ ਰੱਖਣੀ ਹੈ ਉਸ ਵਿੱਚੋਂ ਦਾਂ ਦੂਜੇ ਨਦੀਨਾਂ ਦੇ ਬੂਟੇ ਵੀ ਪੁੱਟ ਦੇਣੇ ਚਾਹੀਦੇ ਹਨ ਤਾਂ ਜੋ ਸ਼ੁੱਧ ਬੀਜ ਪ੍ਰਾਪਤ ਹੋ ਸਕੇ ।

ਜੇਕਰ ਵਾਢੀ ਕੰਬਾਈਨ ਨਾਲ ਕਰਨੀ ਹੈ ਤਾਂ ਨਾੜ ਨੂੰ ਇਕੱਠਾ ਕਰਕੇ ਤੂੜੀ ਬਣਾਈ ਜਾਵੇ । ਨਾੜ ਨੂੰ ਖੇਤ ਵਿੱਚ ਅੱਜ ਨਾ ਲਗਾਈ ਜਾਵੇ । ਅੱਗ ਨਾਲ ਕੇਵਲ ਵਾਤਾਵਰਣ ਹੀ ਪ੍ਰਦੂਸ਼ਿਤ ਨਹੀਂ ਹੁੰਦਾ ਸਗੋਂ ਧਰਤੀ ਦੀ ਸਿਹਤ ਵੀ ਖਰਾਬ ਹੁੰਦੀ ਹੈ । ਧਰਤੀ ਵਿਚਲੇ ਮਿੱਤਰ ਕੀੜੇ ਤੇ ਜੀਵਾਣੂ ਮਰ ਜਾਂਦੇ ਹਨ । ਕਣਕ ਨੂੰ ਸਮੇਂ ਸਿਰ ਕੱਟ ਲੈਣਾ ਚਾਹੀਦਾ ਹੈ । ਕੰਬਾਈਨ ਚੱਲਣ ਸਮੇਂ ਧਿਆਨ ਰੱਖੋ । ਕਿ ਇਹ ਪਿੱਛੇ ਦਾਣੇ ਤਾਂ ਨਹੀਂ ਛੱਡ ਰਹੀ । ਜੇ ਕੰਬਾਈਨ ਪਿੱਛੇ ਛੱਡੇ ਸਾਰੇ ਕੱਖ ਚੁਣ ਲਏ ਜਾਣ ਤਾਂ ਦਾਣਿਆਂ ਦਾ ਨੁਕਸਾਨ ਧਰਤੀ ਉਪਰ ਨਜ਼ਰ ਆ ਸਕਦਾ ਹੈ । ਇਸ ਨੁਕਸਾਨ ਨੂੰ ਕਟਾਰ ਬਾਰ ਦੀ ਰੀਲ ਨੂੰ ਸੈੱਟ ਦੀ ਰੀਲ ਨੂੰ ਸੈੱਟ ਕਰਕੇ ਜਾਂ ਕੰਬਾਈਨ ਦੀ ਰਫਤਾਰ ਘਟਾ ਕੇ ਠੀਕ ਕੀਤਾ ਜਾ ਸਕਦਾ ਹੈ । ਮਸ਼ੀਨ ਚਾਲਕ ਨੂੰ ਅਜੇਹਾ ਕਰਨ ਲਈ ਜ਼ਰੂਰ ਆਖਿਆ ਜਾਵੇ । ਫਸਲ ਨੂੰ ਪੂਰੀ ਤਰ੍ਹਾਂ ਪੱਕਣ ਤੋਂ ਪੰਜ ਦਿਨ ਪਹਿਲਾਂ ਕੱਟਿਆ ਜਾ ਸਕਦਾ ਹੈ । ਜੇਕਰ ਕੰਬਾਈਨ ਦੀ ਵਰਤੋਂ ਕਰਨੀ ਹੈ ਤਾਂ ਆਖਰੀ ਪਾਣੀ ਦੇ ਕੇ ਖੇਤ ਦੀਆਂ ਵੱਟਾਂ ਢਾਹ ਦੇਣੀਆਂ ਚਾਹੀਦੀਆਂ ਹਨ । ਮੰਡੀ ਵਿਚ ਕਣਕ ਨੂੰ ਸਾਫ ਕਰਕੇ ਲਿਜਾਇਆ ਜਾਵੇ । ਵੱਖ ਵੱਖਰੀਆਂ ਕਿਸਮਾਂ ਦੇ ਦਾਣਿਆਂ ਨੂੰ ਆਪੋ ਵਿਚ ਰਲਣ ਨਾਂ ਦਿੱਤਾ ਜਾਵੇ । ਜਿਹੜੀ ਕਣਕ ਦਾ ਭੰਡਾਰ ਕਰਨਾ ਹੈ ਉਸ ਨੂੰ ਸੁਕਾ ਕੇ ਭੰਡਾਰ ਕੀਤਾ ਜਾਵੇ । ਕਣਕ ਕਿਸਾਨਾਂ ਦੀ ਆਮਦਨ ਦਾ ਮੁੱਖ ਸਰੋਤ ਹੈ । ਇਸ ਆਮਦਨ ਨੂੰ ਸੋਚ ਸਮਝ ਕੇ ਵਰਤਿਆ ਜਾਵੇ ।



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 08
ਮਿਤੀ 24-02-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਸੂਰਜਮੁਖੀ ਦਾ ਹਾਈਬ੍ਰਿਡ ਬੀਜ ਆਪ ਪੈਦਾ ਕਰਕੇ ਲਾਭ ਕਮਾਓ

ਪੰਜਾਬ ਵਿਚ 2022-23 ਦੌਰਾਨ ਸੂਰਜਮੁਖੀ ਹੇਠ ਲੱਗਭਗ 1.5 ਹਜ਼ਾਰ ਹੈਕਟੇਅਰ ਰਕਬਾ ਸੀ । ਇਸਦਾ ਔਸਤਨ ਝਾੜ 1987 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਅਤੇ ਉਤਪਾਦਨ 2.9 ਹਜ਼ਾਰ ਟਨ ਸੀ । ਸੂਰਜਮੁਖੀ ਦੇ ਹਾਈਬ੍ਰਿਡ ਬੀਜ ਪੈਦਾਵਾਰਾਂ ਅਤੇ ਵਿਕਰੀ ਆਮ ਤੌਰ ਤੇ



ਪ੍ਰਾਈਵੇਟ ਕੰਪਨੀਆਂ ਦੁਆਰਾ ਹੀ ਕੀਤੀ ਜਾਂਦੀ ਹੈ । ਪ੍ਰਾਈਵੇਟ ਅਦਾਰੇ/ਵਪਾਰੀ ਇਸਦੇ ਬੀਜ ਨੂੰ ਕਾਫੀ ਜ਼ਿਆਦਾ ਕੀਮਤਾਂ ਤੇ ਵੇਚਕੇ ਭਰਪੂਰ ਮੁਨਾਫਾ ਕਮਾਉਂਦੇ ਰਹਿੰਦੇ ਹਨ । ਸੂਰਜਮੁਖੀ ਦਾ ਹਾਈਬ੍ਰਿਡ ਬੀਜ ਆਪ ਤਿਆਰ ਕਰਕੇ ਬੀਜਣ ਅਤੇ ਵੇਚਣ ਨਾਲ ਕਿਸਾਨ ਇਸ ਲੁੱਟ ਤੋਂ ਬਚ ਸਕਦੇ ਹਨ ਅਤੇ ਚੰਗੀ ਕਮਾਈ ਵੀ ਕਰ ਸਕਦੇ ਹਨ । ਸੂਰਜਮੁਖੀ ਦਾ ਹਾਈਬ੍ਰਿਡ ਬੀਜ ਤਿਆਰ ਕਰਨ ਲਈ ਇਸਦੇ ਬੀਜ ਅਤੇ ਇਸਦੀ ਸੋਧ ਉੱਪਰ 1042 ਰੁਪਏ ਦਾ ਖਰਚ ਆਉਂਦਾ ਹੈ । ਇਸ ਤੋਂ ਕੁੱਲ ਆਮਦਨ 90880 ਰੁਪਏ ਅਤੇ ਨਿਰੋਲ ਆਮਦਨ ਲਗਭਗ 65607 ਰੁਪਏ ਪ੍ਰਤੀ ਏਕੜ ਤੱਕ ਹੋ ਸਕਦੀ ਹੈ । ਅਗਾਂਹਵਧੂ ਕਿਸਾਨ ਹਾਈਬ੍ਰਿਡ ਬੀਜ ਦੇ ਉਤਪਾਦਨ ਸਬੰਧੀ ਸਿਖਲਾਈ ਲੈ ਕੇ ਇਸ ਨੂੰ ਵਪਾਰਕ ਪੱਧਰ ਤੇ ਅਪਣਾ ਸਕਦੇ ਹਨ ।

ਸਾਰਣੀ : ਸੂਰਜਮੁਖੀ ਦੇ ਹਾਈਬ੍ਰਿਡ ਬੀਜ ਉਤਪਾਦਨ ਤੋਂ ਸੰਭਾਵਿਤ ਬੱਚਤ (ਪ੍ਰਤੀ ਏਕੜ)

| ਵਿਵਰਣ | ਮਾਤਰਾ | ਮੁੱਲ (ਰੁਪਏ) |
|---|---|---|
| **ਲਾਗਤਾਂ ਦਾ ਵੇਰਵਾ** | | |
| **1. ਬੀਜ ਦੀ ਮਾਤਰਾ ਅਤੇ ਸੋਧ** | | |
| ਮਾਦਾ ਲਾਈਨ (ਕਿਲੋਗ੍ਰਾਮ) | 1.5 | 900 |
| ਨਰ ਲਾਈਨ (ਕਿਲੋਗ੍ਰਾਮ) | 0.5 | 120 |
| ਬੀਜ ਦੀ ਸੋਧ | -- | 22 |
| ਉਪ-ਜੋੜ | -- | 1042 |
| **2. ਖਾਦਾਂ ਤੇ ਖਰਚ** | -- | 1672 |
| 3. ਸਿੰਚਾਈ (ਗਿਣਤੀ) | 9 | 873 |
| 4. ਲੇਬਰ ਦਾ ਖਰਚ (ਘੰਟੇ) | 270 | 16875 |
| 5. ਟਰੈਕਟਰ ਦੀ ਵਰਤੋਂ (ਘੰਟੇ) | 4 | 2464 |
| 6. ਪੈਕਿੰਗ, ਟਰਾਂਸਪੋਰਟ ਅਤੇ ਮੰਡੀਕਰਨ ਦੇ ਖਰਚੇ | -- | 2035 |
| 7. ਚਲੰਤ ਖਰਚਿਆਂ ਤੇ ਫਸਲ ਦੇ ਅੱਧੇ ਸਮੇਂ ਦਾ ਵਿਆਜ਼ (5% ਪ੍ਰਤੀ ਸਾਲ ਦੀ ਦਰ ਨਾਲ) | -- | 312 |
| ਕੁੱਲ ਚਲੰਤ ਖਰਚੇ | -- | 25273 |
| **ਆਮਦਨ ਦਾ ਵੇਰਵਾ** | | |
| ਹਾਈਬ੍ਰਿਡ ਬੀਜ ਦਾ ਝਾੜ (ਕੁਇੰਟਲ) | 2.5 | 87500 |
| ਨਰ ਬੂਟਿਆਂ ਤੋਂ ਝਾੜ (ਕੁਇੰਟਲ) | 0.5 | 3380 |
| **ਕੁੱਲ ਆਮਦਨ** | **--** | **90880** |
| **ਨਿਰੋਲ ਆਮਦਨ** | **--** | **65607** |

**ਰਾਜ ਕੁਮਾਰ, ਇਕੋਨੋਮਿਕਸ ਐਂਡ ਸ਼ੋਸ਼ਿਆਲੋਜੀ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ । ਮੋ. 81460-96600**

## ਦੂਸਰੀਆਂ ਫਸਲਾਂ ਦੇ ਮੁਕਾਬਲੇ ਹੋ ਰਹੀ ਹੈ ਵੱਧ ਕਮਾਈ

# ਸਟਰਾਅ ਬੇਰੀ ਦੀ ਸਫਲ ਕਾਸ਼ਤ ਕਰਕੇ ਸ਼ੇਰੇ ਪੰਜਾਬ ਸਿੰਘ ਕਾਹਲੋਂ ਕਿਸਾਨਾਂ ਲਈ ਬਣਿਆ ਰਾਹ-ਦਸੇਰਾ

'ਮਿਹਨਤ ਅੱਗੇ ਲਕਸ਼ਮੀ ਅਤੇ ਪੱਖੇ ਅੱਗੇ ਪੌਣ' ਦੀ ਕਹਾਵਤ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਵਿਰਕ ਦੇ ਅਗਾਂਹਵਧੂ ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਸੱਚ ਕਰ ਦਿਖਾਇਆ ਹੈ । ਉਨ੍ਹਾਂ ਨੇ ਆਪਣੇ ਖੇਤਾਂ ਵਿਚ ਸਫਲ ਤਜਰਬਾ ਕਰਦਿਆਂ ਪੂਰੀ ਸਫਲਤਾ ਨਾਲ ਸਟਰਾਅ ਬੇਰੀ ਦੀ ਕਾਸ਼ਤ ਕੀਤੀ ਹੈ ਜਿਸ ਤੋਂ ਉਹ ਚੋਖੀ ਆਮਦਨ ਕਮਾ ਰਿਹਾ ਹੈ । ਸ਼ੇਰੇ ਪੰਜਾਬ ਸਿੰਘ ਨੇ ਇਸ ਫਸਲ ਦੀ ਕਾਸ਼ਤ ਕਰ ਕੇ ਜਿੱਥੇ ਫਸਲੀ ਵਿਭਿੰਨਤਾ ਲਿਆਂਦੀ ਹੈ, ਉੱਥੇ ਨਾਲ ਹੀ ਪਾਣੀ ਦੀ ਬਚਤ ਕਰਨ ਵਿਚ ਯੋਗਦਾਨ ਪਾਇਆ ਹੈ ।



ਅਗਾਂਹਵਧੂ ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਦੱਸਿਆ ਕਿ ਉਹ 7 ਸਾਲਾਂ ਤੋਂ ਸਟਰਾਅ ਬੇਰੀ ਦੀ ਕਾਸ਼ਤ ਕਰ ਰਿਹਾ ਹੈ । ਉਸ ਨੇ ਇਸ ਸਾਲ ਵੀ 5 ਕਨਾਲਾਂ 'ਚ ਸਟਰਾਅ ਬੇਰੀ ਦੀ ਕਾਸ਼ਤ ਕਰ ਰਿਹਾ ਹੈ । ਉਸ ਨੇ ਇਸ ਸਾਲ ਵੀ 5 ਕਨਾਲਾਂ 'ਚ ਸਟਰਾਅ ਬੇਰੀ ਦੀ ਕਾਸ਼ਤ ਕੀਤੀ ਹੈ । ਉਹ ਸਟਰਾਅ ਬੇਰੀ ਦੀ ਮਾਰਕੀਟਿੰਗ ਵੀ ਖੁਦ ਕਰਦਾ ਹੈ ਅਤੇ ਦੂਸਰੀਆਂ ਫਸਲਾਂ ਦੇ ਮੁਕਾਬਲੇ ਉਸ ਨੂੰ ਇਸ ਫਸਲ ਵਿਚੋਂ ਵੱਧ ਆਮਦਨ ਹੋ ਰਹੀ ਹੈ । ਉਸ ਦੇ ਗਾਹਕ ਉਸ ਨਾਲ ਸਿੱਧਾ ਰਾਬਤਾ ਕਰ ਕੇ ਆਰਡਰ ਲਿਖਾ ਦਿੰਦੇ ਹਨ ਅਤੇ ਉਹ ਤਾਜ਼ੀ ਸਟਰਾਅ ਬੇਰੀ ਉਨ੍ਹਾਂ ਦੇ ਘਰ ਪਹੁੰਚਾ ਦਿੰਦਾ ਹੈ । ਅਜਿਹਾ ਕਰਨ ਨਾਲ ਉਸ ਨੂੰ ਬਾਜ਼ਾਰ ਨਾਲੋਂ ਵੱਧ ਰੇਟ ਮਿਲ ਜਾਂਦਾ ਹੈ ।

### ਕੀਤੀ ਤੇ ਫੰਗਸ ਤੋਂ ਬਚਾਉਣ ਲਈ ਖੱਟੀ ਲੱਸੀ ਤੇ ਨਿੰਮ ਦੀ ਸਪਰੇਅ

ਉਹ ਸਟਰਾਅ ਬੇਰੀ ਦੀ ਫਸਲ ਆਰਗੈਨਿਕ ਤਰੀਕੇ ਨਾਲ ਪੈਦਾ ਕਰਦਾ ਹੈ ਅਤੇ ਫਲ ਨੂੰ ਕੀੜੀ ਅਤੇ ਫੰਗਸ ਤੋਂ ਬਚਾਉਣ ਲਈ ਖੱਟੀ ਲੱਸੀ ਤੇ ਨਿੰਮ ਦੀ ਸਪਰੇਅ ਕਰਦਾ ਹੈ । ਇਸ ਤੋਂ ਇਲਵਾ ਦੇਸੀ ਖਾਦ ਦੀ ਵਰਤੋਂ ਕਰਦਾ ਹੈ । ਉਨ੍ਹਾਂ ਦੂਸਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਨਿਕਲ ਕੇ ਹੋਰ ਫਸਲਾਂ ਦੀ ਬਿਜਾਈ ਕਰਨ । ਖੇਤੀ ਮਾਹਰਾਂ ਦੀ ਸਲਾਹ ਅਤੇ ਸਹੀ ਜਾਣਕਾਰੀ ਅਤੇ ਆਪਣੀ ਮਿਹਨਤ ਨਾਲ ਕਿਸਾਨ ਆਪਣੇ ਖੇਤਾਂ ਵਿਚ ਸਫਲਤਾ ਦੀ ਨਵੀਂ ਇਬਾਰਤ ਲਿਖ ਸਕਦੇ ਹਨ ।

### ਸਟਰਾਅ ਬੇਰੀ ਦੀ ਫਸਲ ਪੈਦਾ ਕਰਨਾ ਸਭ ਤੋਂ ਔਖਾ

ਕਿਸਾਨ ਸ਼ੇਰੇ ਪੰਜਾਬ ਕਾਹਲੋਂ ਨੇ ਦੱਸਿਆ ਕਿ ਸਟਰਾਅ ਬੇਰੀ ਦਾ ਫਲ ਬਹੁਤ ਗੁਣਕਾਰੀ ਹੈ । ਸਟਰਾਅ ਬੇਰੀ ਦੀ ਬਿਜਾਈ ਅਕਤੂਬਰ ਮਹੀਨੇ ਵਿਚ ਕੀਤੀ ਜਾਂਦੀ ਹੈ ਅਤੇ ਇਹ ਫਸਲ ਪੱਕ ਕੇ ਫਰਵਰੀ ਮਹੀਨੇ 'ਚ ਤਿਆਰ ਹੁੰਦੀ ਹੈ । 20 ਫਰਵਰੀ ਤੋਂ ਬਾਅਦ ਇਸ ਦਾ ਮੰਡੀਕਰਨ ਕਰਨਾ ਸ਼ੁਰੂ ਹੋ ਜਾਂਦਾ ਹੈ । ਸਟਰਾਬੇਰੀ ਦੀ ਫਸਲ ਦੀ ਕਾਸ਼ਤ ਬਹੁਤ ਔਖੀ ਹੈ ਅਤੇ ਇਸ ਦੀ ਭਾਰੀ ਠੰਢ ਅਤੇ ਮੀਂਹ ਤੋਂ ਬਚਾਉਣਾ ਪੈਂਦਾ ਹੈ । ਸਾਫ ਮੌਸਮ ਇਸ ਲਈ ਬਹੁਤ ਲਾਹੇਵੰਦ ਹੈ । ਇਸ ਦੀ ਪਨੀਰੀ ਹਿਮਾਚਲ ਦੇ ਊਨਾ ਅਤੇ ਮਹਾਂਬਲੇਸ਼ਵਰ ਤੋਂ ਮਿਲਦੀ ਹੈ ।

### ਪੰਛੀ ਬੁਲਬੁਲ ਪਹੁੰਚਾਉਂਦੀ ਹੈ ਭਾਰੀ ਨੁਕਸਾਨ

ਕਾਹਲੋਂ ਨੇ ਦੱਸਿਆ ਕਿ ਪੰਛੀ ਬੁਲਬੁਲ ਇਸ ਨੂੰ ਨੁਕਸਾਨ ਪਹੁੰਚਾਉਂਦੀ ਹੈ । ਸਟਰਾਅ ਬੇਰੀ ਦਾ ਫਲ ਪੱਕ ਕੇ ਤਿਆਰ ਹੁੰਦਾ ਹੈ ਤਾਂ ਇਸ ਉੱਤੇ ਬੁਲਬੁਲ ਪੰਛੀ ਨੁਕਸਾਨ ਕਰਨਾ ਸ਼ੁਰੂ ਕਰ ਦਿੰਦੀ ਹੈ ।



**ਕਿਸਾਨ ਬਸ ਇੰਨਾ ਚਾਹੁੰਦੇ ਹਨ ਕਿ ਇਸ ਭਾਅ ਨੂੰ ਠੀਕ ਢੰਗ ਨਾਲ ਤੈਅ ਕੀਤਾ ਜਾਵੇ ਅਤੇ ਭਾਅ ਮਿਲਣ ਦੀ ਗਾਰੰਟੀ ਹੋਵੇ। ਸੱਤਾ ਨੂੰ ਇਹ ਮਨਜ਼ੂਰ ਨਹੀਂ। ਇਸ ਲਈ ਹੁਣ ਕਿਸਾਨਾਂ ਦੀ ਇਸ ਮੰਗ ਨੂੰ ਲੈ ਕੇ ਕਈ ਝੂਠ ਫੈਲਾਏ ਜਾ ਰਹੇ ਹਨ।**



# ਐੱਮ.ਐੱਸ.ਪੀ. ਦੇ 10 ਦਰਬਾਰੀ ਅੱਧੇ ਸੱਚ



ਯੋਗੇਂਦਰ ਯਾਦਵ

ਜਦ ਤੋਂ ਕਿਸਾਨ ਐੱਮ. ਐੱਸ. ਪੀ. ਦੇ ਸਵਾਲ 'ਤੇ ਫਿਰ ਤੋਂ ਗਰਜੇ ਹਨ, ਤਦ ਤੋਂ ਸਾਰਾ ਸਰਕਾਰੀ ਅਮਲਾ ਅਤੇ ਦਰਬਾਰੀ ਮੀਡੀਆ ਝੂਠ ਦੇ ਪੁਲੰਦੇ ਲੈ ਕੇ ਨਿਕਲ ਪਿਆ ਹੈ। ਸਿਆਸਤ 'ਚ ਝੂਠ ਹਮੇਸ਼ਾ ਅੱਧੇ ਸੱਚ ਦੇ ਸਹਾਰੇ ਖੜ੍ਹਾ ਕੀਤਾ ਜਾਂਦਾ ਹੈ। ਇਹੀ ਕਿਸਾਨਾਂ ਦੀ ਐੱਮ. ਐੱਸ. ਪੀ ਦੀ ਮੰਗ ਨਾਲ ਹੋ ਰਿਹਾ ਹੈ।

ਕਿਸਾਨਾਂ ਦੀ ਮੰਗ ਸਿੱਧੀ ਜਿਹੀ ਹੈ। ਪਿਛਲੇ 60 ਸਾਲ ਤੋਂ ਸਰਕਾਰ ਐੱਮ. ਐੱਸ. ਪੀ ਭਾਵ ਘੱਟੋ-ਘੱਟ ਸਮਰਥਨ ਮੁੱਲ ਦਾ ਪ੍ਰਪੰਚ ਰਚ ਰਹੀ ਹੈ। ਭਾਵ ਕਿ ਸਰਕਾਰ ਖੁਦ ਮੰਨਦੀ ਹੈ ਕਿ ਇਨ੍ਹਾਂ ਫਸਲਾਂ 'ਤੇ ਘੱਟ ਤੋਂ ਘੱਟ ਇੰਨਾ ਭਾਅ ਤਾਂ ਮਿਲਣਾ ਚਾਹੀਦਾ ਹੈ ਜੋ ਸਰਕਾਰ ਐਲਾਨਦੀ ਹੈ।

ਕਿਸਾਨ ਬਸ ਇੰਨਾ ਚਾਹੁੰਦੇ ਹਨ ਕਿ ਇਸ ਭਾਅ ਨੂੰ ਠੀਕ ਢੰਗ ਨਾਲ ਤੈਅ ਕੀਤਾ ਜਾਵੇ ਅਤੇ ਭਾਅ ਮਿਲਣ ਦੀ ਗਾਰੰਟੀ ਹੋਵੇ। ਸੱਤਾ ਨੂੰ ਇਹ ਮਨਜ਼ੂਰ ਨਹੀਂ। ਇਸ ਲਈ ਹੁਣ ਕਿਸਾਨਾਂ ਦੀ ਇਸ ਮੰਗ ਨੂੰ ਲੈ ਕੇ ਕਈ ਝੂਠ ਫੈਲਾਏ ਜਾ ਰਹੇ ਹਨ।

**ਪਹਿਲਾ ਝੂਠ** ਤਾਂ ਖੁਦ ਪ੍ਰਧਾਨ ਮੰਤਰੀ ਨੇ ਫੈਲਾਇਆ ਸੀ-ਐੱਮ. ਐੱਸ. ਪੀ ਸੀ, ਹੈ ਅਤੇ ਰਹੇਗੀ। ਸੱਚ ਇਹ ਹੈ ਕਿ ਦੇਸ਼ ਦੀ 85 ਫੀਸਦੀ ਤੋਂ ਵੱਧ ਫਸਲ ਨੂੰ ਸਰਕਾਰੀ ਐੱਮ. ਐੱਸ. ਪੀ ਨਹੀਂ ਮਿਲਦੀ ਹੈ। ਜ਼ਿਆਦਾਤਰ ਫਸਲਾਂ ਸਰਕਾਰੀ ਭਾਅ ਤੋਂ ਹੇਠਾਂ ਵਿਕਦੀਆਂ ਹਨ। ਮਤਲਬ, ਐੱਮ. ਐੱਸ. ਪੀ ਕਾਗਜ਼ 'ਤੇ ਹੀ ਸੀ, ਹੈ ਅਤੇ ਰਹੇਗੀ।

**ਦੂਜਾ ਝੂਠ** : ਭਾਅ ਬਾਜ਼ਾਰ ਤੈਅ ਕਰਦਾ ਹੈ, ਸਰਕਾਰ ਨਹੀਂ ਪਰ ਜੇ ਅਜਿਹਾ ਹੈ ਤਾਂ ਸਰਕਾਰ ਮਜ਼ਦੂਰਾਂ ਲਈ ਘੱਟੋ-ਘੱਟ ਤਨਖਾਹ ਤੈਅ ਕਰਦੀ ਹੈ? ਖਪਤਕਾਰ ਨੂੰ ਬਚਾਉਣ ਲਈ ਐੱਮ. ਆਰ. ਪੀ. ਕਿਉਂ ਬੰਨ੍ਹਦੀ ਹੈ? ਜੇ ਖਾਧ ਪਦਾਰਥਾਂ 'ਚ ਕੋਈ ਦਖਲ ਨਾ ਦੇਣ ਦੀ ਨੀਤੀ ਹੈ ਤਾਂ ਆਟਾ, ਦਾਲ, ਪਿਆਜ਼ ਦੇ ਭਾਅ ਵਧਾਉਣ 'ਤੇ ਸਰਕਾਰ ਬੰਦਿਸ਼ ਕਿਉਂ ਲਗਾਉਂਦੀ ਹੈ? ਪੂਰਾ ਸੱਚ : ਰੇਟ ਤੈਅ ਕਰਨ 'ਚ ਬਾਜ਼ਾਰ ਅਤੇ ਸਰਕਾਰ ਦੋਵਾਂ ਦੀ ਭੂਮਿਕਾ ਹੈ ਅਤੇ ਹੋਣੀ ਚਾਹੀਦੀ ਹੈ।

**ਤੀਜਾ ਝੂਠ** : ਸੰਪੂਰਨ ਜਾਂ ਸੀ-2 ਲਾਗਤ ਦਾ ਡੇਢ ਗੁਣਾ ਦਾ ਸਵਾਮੀਨਾਥਨ ਫਾਰਮੂਲਾ ਗਲਤ ਹੈ ਕਿਉਂਕਿ ਇਸ 'ਚ ਕਿਸਾਨ ਦੀ ਆਪਣੀ ਜ਼ਮੀਨ ਦੀ ਕੀਮਤ ਸ਼ਾਮਲ ਹੈ। ਪਰ ਜੇ ਵਪਾਰ ਅਤੇ ਉਦਯੋਗ ਦੀ ਲਾਗਤ 'ਚ ਆਪਣੀ ਦੁਕਾਨ ਜਾਂ ਫੈਕਟਰੀ ਦਾ ਕਿਰਾਇਆ ਜੋੜਿਆ ਜਾਂਦਾ ਹੈ ਤਾਂ ਕਿਸਾਨ ਲਈ ਕਿਉਂ ਨਹੀਂ? ਅਤੇ ਜੇ ਸਵਾਮੀਨਾਥਨ ਇੰਨੀ ਗਲਤ ਸਿਫਾਰਿਸ਼ ਕਰ ਰਹੇ ਸਨ ਉਨ੍ਹਾਂ ਨੂੰ ਭਾਰਤ ਰਤਨ ਨਾਲ ਕਿਉਂ ਨਿਵਾਜਿਆ ਗਿਆ? ਪੂਰਾ ਸੱਚ : ਇਹ ਫਾਰਮੂਲਾ ਸਰਬ-ਪ੍ਰਵਾਨਿਤ ਸਿਧਾਂਤ 'ਤੇ ਆਧਾਰਿਤ ਹੈ।

**ਚੌਥਾ ਝੂਠ** : ਕਿਸਾਨ ਬਾਕੀ ਨੂੰ ਛੱਡ ਕੇ ਸਿਰਫ ਚੋਣਵੀਆਂ 23 ਫਸਲਾਂ ਦੀ ਗਾਰੰਟੀ ਚਾਹੁੰਦੇ ਹਨ। ਇਹ ਸਰਾਸਰ ਝੂਠ ਹੈ। ਪੂਰਾ ਸੱਚ : ਇਹ 23 ਫਸਲਾਂ ਸਰਕਾਰ ਨੇ ਤੈਅ ਕੀਤੀਆਂ ਹਨ, ਕਿਸਾਨ ਤਾਂ ਫਸਲ, ਸਬਜ਼ੀ, ਦੁੱਧ, ਆਂਡੇ ਸਮੇਤ ਸਾਰੀਆਂ ਫਸਲਾਂ ਦਾ ਸਮਰਥਨ ਮੁੱਲ ਚਾਹੁੰਦੇ ਹਨ।

**ਪੰਜਵਾਂ ਝੂਠ** : ਐੱਮ. ਐੱਸ. ਪੀ. ਦੀ ਮੰਗ ਸਿਰਫ ਪੰਜਾਬ-ਹਰਿਆਣਾ ਦੀ ਮੰਗ ਹੈ, ਉਨ੍ਹਾਂ ਨੂੰ ਹੀ ਫਾਇਦਾ ਹੋਵੇਗਾ। ਸੱਚ ਬਿਲਕੁਲ ਉਲਟਾ ਹੈ। ਕਿਸਾਨ ਅੰਦੋਲਨ ਦੀ ਮੰਗ ਹੈ ਕਿ ਐੱਮ. ਐੱਸ. ਪੀ. ਦਾ ਫਾਇਦਾ ਪੂਰੇ ਦੇਸ਼ ਦੇ ਸਾਰੇ ਸੂਬਿਆਂ ਦੇ ਸਾਰੇ ਕਿਸਾਨਾਂ ਨੂੰ ਮਿਲੇ। ਪੂਰਾ ਸੱਚ : ਇਸ ਦਾ ਅਸਲੀ ਫਾਇਦਾ ਤਾਂ ਬਾਕੀ ਭਾਰਤ ਦੇ ਉਨ੍ਹਾਂ ਸੂਬਿਆਂ ਨੂੰ ਮਿਲੇਗਾ ਜੋ ਅਜੇ ਇਸ ਦੇ ਦਾਇਰੇ ਤੋਂ ਬਾਹਰ ਹਨ।

**ਛੇਵਾਂ ਝੂਠ** : ਐੱਮ. ਐੱਸ. ਪੀ. ਦਾ ਫਾਇਦਾ ਸਿਰਫ ਅਮੀਰ ਕਿਸਾਨ ਨੂੰ ਹੋਵੇਗਾ। ਇਹ ਗੱਲ ਤਦ ਸੱਚ ਹੁੰਦੀ ਜੇ ਆਪਣੀ ਮੰਨ ਲਿਆ ਜਾਵੇ। ਸੱਚ ਇਹ ਹੈ ਕਿ ਜੋ ਕਿਸਾਨ ਅਮੀਰ ਮੰਨ ਲਿਆ ਜਾਵੇ। ਸੱਚ ਇਹ ਹੈ ਕਿ ਜੋ ਕਿਸਾਨ ਆਪਣੀ ਫਸਲ ਬਾਜ਼ਾਰ ਤੱਕ ਨਹੀਂ ਲਿਜਾ ਸਕਦੇ ਉਨ੍ਹਾਂ ਨੂੰ ਵੀ ਬਾਜ਼ਾਰ 'ਚ ਭਾਅ ਵਧਣ ਨਾਲ ਫਾਇਦਾ ਹੋਵੇਗਾ। ਪੂਰਾ ਸੱਚ : ਇਸ ਦਾ ਫਾਇਦਾ ਅੰਤਿਮ ਕਿਸਾਨ ਤੱਕ ਪੁੱਜੇਗਾ।

**ਸੱਤਵਾਂ ਝੂਠ** : ਐੱਮ. ਐੱਸ. ਪੀ. ਦੇਣ ਨਾਲ ਕਣਕ ਅਤੇ ਝੋਨੇ 'ਤੇ ਨਿਰਭਰਤਾ ਵਧੇਗੀ। ਸੱਚ ਠੀਕ ਇਸ ਦੇ ਉਲਟ ਹੈ। ਜੇ ਸਰਕਾਰ ਕਣਕ ਅਤੇ ਝੋਨੇ ਤੋਂ ਇਲਾਵਾ ਸਾਰੀਆਂ ਫਸਲਾਂ 'ਤੇ ਐੱਮ. ਐੱਸ. ਪੀ. ਦੇਣਾ ਸ਼ੁਰੂ ਕਰ ਦੇਵੇ ਤਾਂ ਪੰਜਾਬ ਅਤੇ ਹਰਿਆਣਾ ਦਾ ਕਿਸਾਨ ਖੁਦ ਝੋਨੇ ਦੀ ਥਾਂ ਦੂਜੀ ਫਸਲ ਲਗਾਉਣ ਲੱਗ ਜਾਏਗਾ। ਪੂਰਾ ਸੱਚ : ਇਹ ਫਸਲ ਵਿਭਿੰਨਤਾ ਦੀ ਪ੍ਰਭਾਵੀ ਗਾਰੰਟੀ ਹੈ।

**ਅੱਠਵਾਂ ਝੂਠ** : ਐੱਮ. ਐੱਸ. ਪੀ. ਦੇਣ ਨਾਲ ਖਾਲੀ ਹੋ ਜਾਵੇਗਾ। ਐੱਮ. ਐੱਸ. ਪੀ. ਦੇਣ 'ਚ 10 ਲੱਖ ਕਰੋੜ ਦੇ ਖਰਚ ਦੀ ਗੱਲ ਕਰਨਾ ਜਨਤਾ ਨੂੰ ਡਰਾਉਣ ਦੀ ਬਚਕਾਨਾ ਕੋਸ਼ਿਸ਼ ਹੈ। ਸੱਚ ਇਹ ਹੈ ਕਿ ਐੱਮ. ਐੱਸ. ਪੀ. ਦੇਣ ਲਈ ਸਾਰੀ ਫਸਲ ਦੀ ਸਰਕਾਰੀ ਖਰੀਦ ਦੀ ਲੋੜ ਨਹੀਂ ਹੈ। ਉਂਝ ਵੀ ਸਰਕਾਰ ਜੋ ਫਸਲ ਖਰੀਦਦੀ ਹੈ, ਉਸ ਨੂੰ ਅੱਗ ਨਹੀਂ ਲਾ ਦਿੰਦੀ, ਬਾਅਦ 'ਚ ਉਸ ਨੂੰ ਵੇਚਦੀ ਵੀ ਹੈ। ਖਰੀਦ ਮੁੱਲ ਅਤੇ ਵਿਕਰੀ ਮੁੱਲ ਦਾ ਫਰਕ ਸਰਕਾਰ ਦਾ ਖਰਚ ਹੈ। ''ਕ੍ਰਿਸਿਲ'' ਸੰਸਥਾ ਦੇ ਅੰਦਾਜ਼ੇ ਅਨੁਸਾਰ ਪਿਛਲੇ ਸਾਲ ਸਰਕਾਰ ਦਾ ਖਰਚ ਸਿਰਫ 21 ਹਜ਼ਾਰ ਕਰੋੜ ਰੁਪਏ ਹੁੰਦਾ ਜੋ ਕੇਂਦਰ ਸਰਕਾਰ ਦੇ ਬਜਟ ਦਾ 0.5 ਫੀਸਦੀ ਤੋਂ ਵੀ ਘੱਟ ਹੁੰਦਾ। ਜੇ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਨਾਲ ਐੱਮ. ਐੱਸ. ਪੀ. ਦੇਣ ਦਾ ਖਰਚ 2 ਲੱਖ ਕਰੋੜ ਵੀ ਹੋਵੇ ਤਾਂ ਦੇਸ਼ ਦੇ ਬਹੁਗਿਣਤੀ ਅੰਨਦਾਤੇ ਲਈ ਇੰਨਾ ਖਰਚ ਵਾਜਿਬ ਹੈ। ਉਂਝ ਵੀ ਕੇਂਦਰ ਸਰਕਾਰ ਹਰ ਸਾਲ 2 ਲੱਖ ਕਰੋੜ ਰੁਪਏ ਉਦਯੋਗਪਤੀ ਮਿੱਤਰਾਂ ਨੂੰ ਟੈਕਸ ਦੀ ਛੋਟ ਅਤੇ ਸਬਸਿਡੀ ਦੇ ਰੂਪ 'ਚ ਦਿੰਦੀ ਹੈ। ਪੂਰਾ ਸੱਚ : ਮਿੱਤਰਾਂ ਨੂੰ ਦਿੱਤੇ ਦਾਨ ਤੋਂ ਘੱਟ ਖਰਚ ਐੱਮ. ਐੱਸ. ਪੀ. 'ਚ ਹੋਵੇਗਾ।

**ਨੌਵਾਂ ਝੂਠ** : ਐੱਮ. ਐੱਸ. ਪੀ. ਦੇਣ ਨਾਲ ਮਹਿੰਗਾਈ ਵਧੇਗੀ ਇਹ ਗੱਲ ਵੀ ਸਹੀ ਨਹੀਂ ਹੈ, ਕਿਉਂਕਿ ਕਿਸਾਨ ਨੂੰ ਤਾਂ ਬਹੁਤ ਛੋਟਾ ਹਿੱਸਾ ਮਿਲਦਾ ਹੈ। ਮਹਿੰਗਾਈ ਦੇ ਜ਼ਿੰਮੇਵਾਰ ਵਿਚੋਲੇ ਹਨ, ਜੇ ਉਸ ਤੇ ਕਾਬੂ ਪਾ ਲਿਆ ਜਾਵੇ ਤਾਂ ਮਹਿੰਗਾਈ ਨਹੀਂ ਵਧੇਗੀ। ਉਂਝ ਵੀ ਗਰੀਬਾਂ ਨੂੰ ਸਸਤਾ ਖਾਣਾ ਦੇਣ ਦੀ ਜ਼ਿੰਮੇਵਾਰੀ ਗਰੀਬ ਕਿਸਾਨ ਦੇ ਮੋਢਿਆਂ 'ਤੇ ਕਿਉਂ? ਪੂਰਾ ਸੱਚ : ਐੱਮ. ਐੱਸ. ਪੀ. ਨਾਲ ਭਾਅ 'ਤੇ ਮਾਮੂਲੀ ਅਸਰ ਪਏਗਾ, ਸਰਕਾਰ ਚਾਹੇ ਤਾਂ ਕਾਬੂ ਕਰ ਸਕਦੀ ਹੈ।

**ਦੱਸਵਾਂ ਝੂਠ** : ਸਰਕਾਰ ਲਈ ਕਾਨੂੰਨੀ ਗਾਰੰਟੀ ਦੇਣੀ ਅਸੰਭਵ ਹੈ। ਜੇ ਅਜਿਹਾ ਸੀ ਤਾਂ ਖੁਦ ਮੋਦੀ ਜੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ 2011 'ਚ ਐੱਮ. ਐੱਸ. ਪੀ. ਨੂੰ ਕਾਨੂੰਨੀ ਦਰਜਾ ਦੇਣ ਦੀ ਗੱਲ ਕਿਉਂ ਕੀਤੀ ਸੀ? ਉਂਝ ਵੀ ਸਰਕਾਰ ਜੇ ਰਾਸ਼ਨ ਅਤੇ ਮਨਰੇਗਾ ਦੀ ਕਾਨੂੰਨੀ ਗਾਰੰਟੀ ਦੇ ਸਕਦੀ ਹੈ ਤਾਂ ਅੰਨਦਾਤਾ ਨੂੰ ਗਾਰੰਟੀ ਦੇ ਸਕਦੀ ਹੈ ਤਾਂ ਅੰਨਦਾਤਾ ਨੂੰ ਕਾਨੂੰਨੀ ਗਾਰੰਟੀ ਕਿਉਂ ਨਹੀਂ? ਪੂਰਾ ਸੱਚ : ਇਸ ਨੂੰ ਲਾਗੂ ਕਰਨਾ ਬਾਕੀ ਸਰਕਾਰੀ ਯੋਜਨਾਵਾਂ ਤੋਂ ਸੌਖਾ ਹੈ।

# ਖੁੰਬਾਂ ਦੀ ਕਾਸ਼ਤ ਕਰਕੇ ਮੁਨਾਫਾ ਖੱਟ ਰਿਹਾ ਹੈ ਕਿਸਾਨ ਸੁਖਦੇਵ ਸਿੰਘ

ਦੇਵੀਗੜ੍ਹ ਨੇੜੇ ਪਿੰਡ ਮੀਰਪੁਰ ਦਾ ਕਿਸਾਨ ਸੁਖਦੇਵ ਸਿੰਘ ਪਿਛਲੇ ਕਰੀਬ 13 ਸਾਲਾਂ ਤੋਂ ਖੁੰਬਾਂ ਦੀ ਕਾਸ਼ਤ ਕਰ ਕੇ ਹੋਰਨਾਂ ਕਿਸਾਨਾਂ ਲਈ ਰਾਹ ਦਸੇਰਾ ਬਣਿਆ ਹੋਇਆ ਹੈ। ਪੰਜਾਬ ਸਰਕਾਰ ਦੇ ਖੇਤੀ ਵਿਭਿੰਨਤਾ ਪ੍ਰੋਗਰਾਮ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਡਾਇਰੈਕਟੋਰੇਟ ਆਫ ਮਸ਼ਰੂਮ ਰਿਸਰਚ ਸੋਲਨ ਤੋਂ ਖੁੰਬ ਉਗਾਉਣ ਦੀ ਸਿਖਲਾਈ ਹਾਸਲ ਕਰਕੇ ਖੁੰਬਾਂ ਦੀ ਸੀਜ਼ਨਲ ਖੇਤੀ ਕਰ ਰਿਹਾ ਹੈ। ਉਹ ਯੂਨੀਵਰਸਿਟੀ ਤੋਂ ਪੰਜਾਬ ਸਰਕਾਰ ਦੇ ਕਈ ਐਵਾਰਡ ਪ੍ਰਾਪਤ ਕਰਨ 'ਚ ਵੀ ਸਫਲ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 13 ਸਾਲ ਪਹਿਲਾਂ ਸੁਖਦੇਵ ਸਿੰਘ ਨੇ ਬਾਂਸਾਂ ਦੀਆਂ ਦੋ ਝੁੱਗੀਆਂ ਤੋਂ ਆਪਣਾ ਕੰਮ ਸ਼ੁਰੂ ਕੀਤਾ ਸੀ ਅਤੇ ਹੁਣ ਕਰੀਬ 3 ਏਕੜ ਜ਼ਮੀਨ 'ਚ ਬਾਂਸ ਤੋਂ ਬਣੀਆਂ 90 ਕੱਚੀਆਂ ਝੁੱਗੀਆਂ ਪਾ ਕੇ ਪੈਦਾ ਕੀਤੀ ਖੁੰਬ ਨੂੰ ਲੁਧਿਆਣਾ ਤੇ ਜਲੰਧਰ ਮੰਡੀਆਂ 'ਚ ਵੇਚ ਕੇ ਚੰਗਾ ਮੁਨਾਫਾ ਕਮਾ ਰਿਹਾ ਹੈ। ਸੁਖਦੇਵ ਸਿੰਘ ਨੇ



ਦੱਸਿਆ ਕਿ ਉਹ ਆਪਣੀ 8 ਏਕੜ ਜ਼ਮੀਨ ਦੀ ਪਰਾਲੀ ਤਾਂ ਇਸ ਖੁੰਬ ਫਾਰਮ ਲਈ ਵਰਤ ਹੀ ਰਿਹਾ ਹੈ ਸਗੋਂ ਨੇੜਲੇ ਕਿਸਾਨਾਂ ਦੇ ਖੇਤਾਂ ਦੀ ਪਰਾਲੀ ਵੀ ਲੈ ਕੇ ਖੁੰਬਾਂ ਦੀ ਕਾਸ਼ਤ ਲਈ ਵਰਤ ਰਿਹਾ ਹੈ, ਕਿਉਂਕਿ ਇੱਕ ਏਕੜ 'ਚ 60 ਕੁਇੰਟਲ ਕੰਪਸਟ ਲੱਗ ਜਾਂਦੀ ਹੈ ਤੇ ਇਸ ਤੋਂ ਕਰੀਬ 33 ਕੁਇੰਟਲ ਔਸਤਨ ਖੁੰਬ ਪੈਦਾ ਹੁੰਦੀ ਹੈ। ਉਸ ਨੇ ਦੱਸਿਆ ਕਿ ਉਸ ਦੇ ਫਾਰਮ 'ਚ 8 ਤੋਂ 10 ਲੋਕਾਂ ਨੂੰ ਪੱਕਾ ਰੁਜ਼ਗਾਰ ਵੀ ਮਿਲ ਰਿਹਾ ਹੈ। ਸੁਖਦੇਵ ਸਿੰਘ ਮੁਤਾਬਿਕ ਉਹ ਅਗਸਤ ਵਿਚ ਆਪਣਾ ਕੰਮ ਸ਼ੁਰੂ ਕਰ ਦਿੰਦਾ ਹੈ ਅਤੇ ਅਕਤੂਬਰ-ਨਵੰਬਰ ਵਿਚ ਕਾਸ਼ਤ ਪੂਰੇ ਜੋਬਨ 'ਤੇ ਹੁੰਦੀ ਹੈ। ਇਹ ਕੰਮ ਮਾਰਚ ਮਹੀਨੇ ਤੱਕ ਚਲਦਾ ਹੈ ਤੇ ਇਕ ਕਿਲੋ ਖੁੰਬ 'ਤੇ ਕਰੀਬ 40 ਰੁਪਏ ਲਾਗਤ ਆਉਂਦੀ ਹੈ ਪਰ ਇਸ ਦੀ ਬਾਜ਼ਾਰੀ ਕੀਮਤ 90 ਰੁਪਏ 110 ਪ੍ਰਤੀ ਕਿੱਲੋ ਦੇ ਹਿਸਾਬ ਨਾਲ ਵਿੱਕ ਜਾਂਦੀ ਜਦੋਂ ਕਿ ਵਿਆਹ ਸ਼ਾਦੀਆਂ ਦੇ ਸਮੇਂ ਖੁੰਬਾਂ ਦੀ ਕੀਮਤ 150 ਰੁਪਏ ਪ੍ਰਤੀ ਕਿਲੋ ਵੀ ਹੋ ਜਾਂਦੀ ਹੈ। ਉਸ ਮੁਤਾਬਕ ਖਰਚੇ ਕੱਢ ਕੇ ਚੰਗੀ ਆਮਦਨ ਹੋ ਜਾਂਦੀ ਹੈ ਅਤੇ ਮਾਰਕੀਟਿੰਗ ਦੀ ਵੀ ਕੋਈ ਸਮੱਸਿਆ ਨਹੀਂ ਹੈ। ਸਫਲ ਕਾਸ਼ਤਕਾਰ ਨੇ ਕਿਹਾ ਕਿ ਜੇਕਰ ਕਿਸਾਨ ਧੰਦੇ ਨੂੰ ਖੇਤੀ ਦੇ ਸਹਾਇਕ ਧੰਦੇ ਵਜੋਂ ਅਪਣਾ ਲੈਣ ਤਾਂ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੋ ਸਕਦੀ ਹੈ।



# ਹਾਲਾਤ ਇਹ ਰਹੇ ਤਾਂ ਉੱਤਰੀ ਖਿੱਤਾ ਧਰੁਵ ਜਾਂ ਰੇਗਿਸਤਾਨ ਬਣ ਜਾਵੇਗਾ

ਮਨੁੱਖੀ ਇਤਿਹਾਸ ਸਿਰਫ ਜੰਗਾਂ, ਜਿੱਤਾਂ ਅਤੇ ਵੰਸ਼ਾਂ ਦਾ ਹੀ ਇਤਿਹਾਸ ਨਹੀਂ, ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਬਲ ਤਾਂਘ ਅਤੇ ਵਿਗਿਆਨ ਦਾ ਇਤਿਹਾਸ ਵੀ ਹੈ। ਮਨੁੱਖ ਨੇ ਇਹ ਸਫਰ ਲੰਮੇ ਸਮੇਂ 'ਚ ਤੈਅ ਕੀਤਾ ਹੈ। ਵਿਗਿਆਨ ਨੇ ਮਨੁੱਖ ਨੂੰ ਇਸ ਯੋਗ ਬਣਾ ਦਿੱਤਾ ਹੈ ਕਿ ਉਹ ਸਮੁੱਚ ਬਾਰੇ ਸੋਚ ਸਕਦਾ ਹੈ। ਪ੍ਰੰਤੂ ਵਿਗਿਆਨ ਦੀ ਸੁਚੱਜੀ ਅਤੇ ਲੋਕ-ਹਿੱਤੂ ਵਰਤੋਂ ਕਰਨ ਦੀ ਬਜਾਏ ਇਸ ਦੀ ਦੁਰਵਰਤੋਂ ਨੇ ਕੁਦਰਤੀ ਸਮਤੋਲ ਸਮੇਤ ਮਨੁੱਖੀ ਹੋਂਦ ਲਈ ਖਤਰੇ ਖੜ੍ਹੇ ਕਰ ਦਿੱਤੇ ਹਨ। ਅੱਜ ਮਨੁੱਖ ਦਾ ਇਕੋ ਇਕ ਨਿਸ਼ਾਨਾ ਕੁਦਰਤ ਉੱਪਰ ਆਪਣਾ ਨਿਜ਼ਾਮ ਸਥਾਪਿਤ ਕਰਨਾ ਬਣ ਗਿਆ ਹੈ। ਉਸ ਦੇ ਉਜੱਡ ਕਿਸਮ ਦੇ 'ਆਧੁਨਿਕ' ਤੌਰ-ਤਰੀਕਿਆਂ ਨੇ ਕੁਦਰਤੀ ਸੰਸਾਰ ਨੂੰ ਬੁਰੀ ਤਰ੍ਹਾਂ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਹੈ। ਸਿੱਟਾ, ਮਨੁੱਖ ਵੱਲੋਂ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਅਤੇ ਇਸ ਦੀ ਮੁੜ-ਭਰਪਾਈ ਨਾ ਹੋਣ ਕਾਰਨ ਕਈ ਕਿਸਮ ਦੇ ਸੰਕਟ ਸਾਹਮਣੇ ਆ ਰਹੇ ਹਨ। ਗਲੋਬਲ ਵਾਰਮਿੰਗ (ਸੰਸਾਰ ਤਪਸ਼) 'ਚ ਵਾਧਾ ਰੁੱਤ-ਵਿਗਾੜ ਦਾ ਕਾਰਨ ਬਣ ਰਿਹਾ ਹੈ। ਵਰਖਾ ਗੜਬੜਾ ਗਈ ਹੈ। ਪਾਣੀ ਪਤਾਲੀਂ ਜਾ ਵੜਿਆ ਹੈ। ਰੇਗਿਸਤਾਨ ਨੇ ਮਨੁੱਖ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਹੈ। ਧਰਤੀ 'ਚ ਹੋਛੀ ਕੰਪਨ, ਵਰਖੀਲੇ ਅਤੇ ਸਮੁੰਦਰੀ ਤੂਫਾਨ। ਮਿੱਟੀ ਅਤੇ ਪਾਣੀ ਜ਼ਹਿਰੀਲੇ ਹੋ ਰਹੇ ਹਨ। ਨਵੀਆਂ-ਨਿਵੇਕਲੀਆਂ ਬਿਮਾਰੀਆਂ ਅਤੇ ਮੌਸਮੀ ਵਿਗਾੜਾਂ ਨੇ ਜੀਵ-ਜਗਤ ਤੇ ਕੁਦਰਤੀ ਸਾਵੇਂਪਨ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ ਹੈ। ਸੰਨ 2001 ਵਿਚ ਅੰਟਾਰਟਿਕਾ ਦਾ 1200 ਵਰਗ ਮੀਲ, ਬਰਫੀਲਾ ਟਾਪੂ, ਦੇਖਦੇ-ਦੇਖਦੇ ਪੰਘਰ ਗਿਆ ਸੀ।

ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਅੱਠ ਮੀਟਰ ਪਿੱਛੇ ਖਿਸਕਾ ਦੇਣ ਅਤੇ 1972 ਦੇ ਬਾਅਦ ਵੇਨਜ਼ੂਏਲਾ ਸਥਿਤ ਛੇ ਹਿਮ ਸਿਖਰਾਂ ਵਿਚ ਚਾਰ ਨੂੰ ਪੂਰੀ ਤਰ੍ਹਾਂ ਗਾਇਬ ਕਰ ਦੇਣ ਪਿੱਛੇ ਵੀ ਬੇ-ਲਗਾਮ ਪ੍ਰਦੂਸ਼ਣ ਅਤੇ ਆਲਮੀ-ਤਪਸ਼ ਦਾ ਹੀ ਹੱਥ ਸੀ। ਦਰ ਇਹੋ ਰਹੀ ਤਾਂ 2050 ਤੱਕ ਤਾਪਮਾਨ ਵਿਚ 4 ਤੋਂ 6 ਡਿਗਰੀ ਸੈਲਸੀਅਸ ਦਾ ਵਾਧਾ ਹੋ ਜਾਵੇਗਾ। ਦੋ-ਤਿੰਨ ਡਿਗਰੀ ਦਾ ਵਾਧਾ ਹੀ, ਪਹਿਲਾਂ ਭਾਰੀ ਹੜ੍ਹਾਂ ਅਤੇ ਫਿਰ ਸੋਕੇ ਦਾ ਕਾਰਕ ਬਣ ਜਾਵੇਗਾ। ਸਾਡਾ ਆਪਣਾ ਬਹੁ-ਰੁੱਤਾਂ ਵਾਲਾ ਭਾਰਤ ਦੋ ਰੁੱਤਾਂ ਨਮੀਂ ਯੁਕਤ ਗਰਮੀ, ਬਰਫ ਯੁਕਤ ਸਰਦੀ ਅਤੇ ਗੰਭੀਰ ਜਲ ਸੰਕਟ ਵੱਲ ਵਧ ਰਿਹਾ ਹੈ। ਸਿੱਟਾ; ਸਾਨੂੰ ਸਭ ਕੁਝ ਬਦਲਣਾ ਪੈ ਜਾਵੇਗਾ : ਫਸਲੀ ਹੇਰ-ਫੇਰ, ਰਹਿਣ-ਸਹਿਣ, ਪਹਿਨਣ-ਪਚਰਨ, ਖਾਣ-ਪੀਣ ਅਤੇ ਮਹਿਲ-ਮੁਨਾਰੇ ਵੀ। ਨਦੀਆਂ ਦੇ ਜਨਮ ਦਾਤੇ ਬਰਫੀਲੇ ਪਹਾੜ ਅਤੇ ਗਲੇਸ਼ੀਅਰ ਹਨ ਜਾਂ ਫਿਰ ਜੰਗਲ। ਹੱਥੀਂ ਸਹੇੜੀ ਜਾ ਰਹੀ ਮਾਰੂ ਤਪਸ਼ ਨੇ ਬਰਫਾਂ ਪਿਘਲਾ ਕੇ ਪਹਿਲਾਂ ਦਰਿਆ ਉਛਾਲ ਦੇਣੇ ਹਨ, ਮਗਰੋਂ ਵਿਰਾਨਗੀ ਸਮਾ ਜਾਵੇਗੀ ਸਾਡੀਆਂ ਨਦੀਆਂ ਵਿਚ। ਸਮੁੰਦਰ ਨੇ ਪੂਰ ਪਰ ਕੇ ਲਾਗਲੀਆਂ ਜ਼ਮੀਨਾਂ ਅਤੇ ਬਸਤੀਆਂ ਨੂੰ ਨਿਗਲ ਜਾਣਾ ਹੈ। ਅਸੀਂ ਜਲ-ਸੋਮੇ ਵੀ ਤਹਿਸ-ਨਹਿਸ ਕਰਨ ਸਾਵਾਂ ਤੁਰੇ ਹੋਏ ਹਾਂ। ਜ਼ਰਖੇਜ਼, ਸੁਥਰੇ ਅਤੇ ਲਬਾਲਬ ਜਲ-ਸੋਮੇ ਵੀ ਮੌਸਮਾਂ ਨੂੰ ਸਾਵਾਂ ਰੱਖਣ ਵਿਚ ਸਿਫਤੀ ਹਿੱਸਾ ਪਾਉਂਦੇ ਹਨ। ਸ਼ਾਇਦ ਅਸੀਂ ਇਹ ਵੀ ਨਹੀਂ ਜਾਣਦੇ ਕਿ ਜ਼ਮੀਨ-ਦੋਜ਼ ਪਾਣੀ ਦੀ ਤਪਸ਼ ਨੂੰ ਕੰਟਰੋਲ ਕਰਦਾ ਹੈ।

ਜੰਗਲ ਉਜਾੜਾ ਵੀ ਸਾਨੂੰ ਲੈ ਬੈਠੇਗਾ। ਰੁਖ ਆਕਸੀਜਨ ਅਤੇ ਮਿੱਟੀ ਘੜਨ ਵਾਲੇ ਕਾਰਖਾਨੇ ਹਨ। ਮਿੱਟੀ ਰੁੜ੍ਹਨ ਨਹੀਂ ਦਿੰਦੇ। ਇਹ ਊਰਜਾ ਦੇ ਸਰੋਤ ਹਨ, ਅਥਾਹ ਭੋਜਨ-ਪਦਾਰਥ ਦਿੰਦੇ ਹਨ। ਇਹ ਚਕਿਤਸਕ ਜੜ੍ਹੀ-ਬੂਟੀਆਂ ਦੇ ਭੰਡਾਰ ਹਨ ਅਤੇ ਕੰਦ-ਮੂਲਾਂ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਨ ਵਰ੍ਹੇ ਲਗਭਗ 144 ਅਰਬ ਮੀਟ੍ਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀਂ ਅਤੇ ਮੱਲ੍ਹੜ (ਪੱਤ-ਖਾਦ) ਬਖਸ਼ ਕੇ ਧਰਤੀ ਨੂੰ ਠੰਢਾ, ਪੋਲਾ, ਮਿੱਤਰ-ਕੀਟ ਯੁਕਤ ਅਤੇ ਜ਼ਰਖੇਜ਼ ਬਣਾਉਂਦੇ



ਵਿਜੈ ਬੰਬੇਲੀ
ਮੋ. 94634-39075

ਹਨ। ਜ਼ਹਿਰਾਂ ਚੂਸਦੇ ਹਨ ਅਤੇ ਧਰਾਤਲ ਤੇ ਖਲਾਅ ਨੂੰ ਨਮ-ਠੰਢਕ ਬਖਸ਼ਦੇ ਹਨ ਅਤੇ ਸੰਬੰਧਿਤ ਖੇਤਰ ਦੇ ਮੌਸਮ ਨੂੰ ਸਾਵਾਂ ਰੱਖਦੇ ਹਨ।

ਕੀ ਸਾਨੂੰ ਪਤਾ ਹੈ ਕਿ ਮਾਰੂਥਲ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀਂ ਇਕ ਦਿਨ 'ਚ ਛੱਡਦੀ ਹੈ, ਜਿਹੜੀ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫਤੀ ਰੋਲ ਨਿਭਾਉਂਦੀ ਹੈ। ਜੰਗਲ ਵਰਖਾ ਨੂੰ ਪ੍ਰੇਰਿਤ ਕਰਦੇ ਹਨ, ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ। ਔੜ ਅਤੇ ਹੜ੍ਹ ਦੋਵਾਂ ਸਥਿਤੀਆਂ 'ਚ ਹੀ ਜੰਗਲ ਸਾਡੇ ਲਈ ਵਰਦਾਨ ਹਨ। ਜੰਗਲਾਂ ਦਾ ਇਕ ਵਰਗ ਕਿੱਲੋਮੀਟਰ ਰਕਬਾ 50 ਹਜ਼ਾਰ ਘਣਮੀਟਰ ਪਾਣੀ ਆਪਣੀਆਂ ਜੜ੍ਹਾਂ ਸਾਡੇ ਲਈ ਸੰਭਾਲ ਦਿੰਦਾ ਹੈ। ਅਰਥਾਤ; ਇਹ ਜਲ ਨੂੰ ਸਾਡੇ ਪੀਣ, ਵਰਤਣ ਤੇ ਸਿੰਚਾਈ ਲਈ, ਰਾਖਵੇਂ ਭੰਡਾਰ ਵਜੋਂ, ਆਪਣੀਆਂ ਜੜ੍ਹਾਂ ਰਾਹੀਂ ਧਰਤ 'ਚ ਸੰਭਾਲ ਲੈਂਦੇ ਹਨ।

ਜੰਗਲਾਂ ਦੀ ਬਰਬਾਦੀ ਅਤੇ ਜ਼ਮੀਨਦੋਜ਼ ਜਲ ਦੀ ਅੰਧਾਧੁੰਦ ਖਿਚਾਈ ਨਾਲ ਸਿਰਫ ਜਲ ਸੰਕਟ ਹੀ ਨਹੀਂ ਉਪਜਣਾ, ਸਗੋਂ ਜੇ ਇਸ ਦੀ ਮੁੜ-ਭਰਪਾਈ ਨਾ ਹੋਈ ਤਾਂ ਜਲ-ਅਣਹੋਂਦ ਨਾਲ ਧਰਤੀ ਹੇਠ ਪੈਦਾ ਹੋਏ ਖਲਾਅ ਨਾਲ, ਨੇੜ-ਭਵਿੱਖ ਵਿਚ, ਧਰਤੀ ਵੀ ਗਰਕਣੀ ਸ਼ੁਰੂ ਹੋ ਸਕਦੀ ਹੈ। ਧਰਤੀ ਹੇਠਲਾ ਜਲ-ਸਮਤੋਲ ਭੂਚਾਲਾਂ ਨੂੰ ਵੀ ਮਨਫੀ ਕਰਦਾ ਹੈ, ਕਿਉਂਕਿ ਜ਼ਮੀਨੀ ਵਿਰਲਾਂ (ਅੰਦਰੂਨੀ ਪਲੇਟਾਂ) ਦੀ ਖਾਲੀ ਜਗ੍ਹਾ ਇਸ ਨੇ ਭਰ ਰੱਖੀ ਹੁੰਦੀ ਹੈ। ਗੁਜਰਾਤ 'ਚ 'ਆਧੁਨਿਕ/ਘਣੀ ਖੇਤੀ' ਕਾਰਨ ਜ਼ਮੀਨ ਹੇਠਲੀਆਂ ਜਲ-ਤੱਗੀਆਂ ਡੂੰਘੀਆਂ ਹੋਈ ਜਾਣ ਕਾਰਨ ਦੋ ਅਲਾਮਤਾਂ ਵੀ ਸਾਹਮਣੇ ਹਨ : ਇਕ ਕੱਛ ਖੇਤਰ (ਸਮੁੰਦਰੀ ਸਾਹਿਲ) ਵਿਚ ਇਸ ਖਲਾਅ ਦੀ ਥਾਂ ਸਮੁੰਦਰੀ ਜਲ-ਰਿਸਾਵ ਨੇ ਲੈ ਲਈ ਸਿੱਟੇ ਵਜੋਂ ਵਾਸ਼ਪੀਕਰਨ ਨਾਲ ਜ਼ਮੀਨੀ ਮੁਸਾਮਾਂ ਰਾਹੀਂ ਲੂਣੇ ਪਦਾਰਥ ਉਪਰ ਆ ਕੇ ਧਰਤੀ ਨੂੰ ਰੁੰਡ-ਮਰੁੰਡ ਕਰਨ ਲੱਗੇ। ਦੂਜੀ, ਕੁਝ ਦੁਰੇਡੀਆਂ ਥਾਵਾਂ 'ਤੇ ਵੀ ਜ਼ਮੀਨ ਧਸਣ ਦੇ ਮਾਮਲੇ ਸਾਹਮਣੇ ਆਏ। ਹਾਲਾਤ ਇਹੋ ਹੀ ਰਹੇ ਤਾਂ ਨੇੜ-ਭਵਿੱਖ 'ਚ ਦੂਰ-ਦੁਰੇਡੇ ਖਿੱਤਿਆਂ 'ਚ ਵੀ ਇਹ ਭਾਣਾ ਵਰਤਣਾ ਸ਼ੁਰੂ ਹੋ ਜਾਵੇਗਾ।

ਬਰਸਾਤ, ਜਿਸ ਬਾਰੇ ਪਤਾ ਨਹੀਂ ਹੁੰਦਾ ਕਿੰਨੀ ਪੈਣੀ ਹੈ ਜਾਂ ਫਿਰ ਨਹੀਂ ਪੈਣੀ, ਨੂੰ ਨਾ ਵੀ ਕੀਤਾ ਜਾਵੇ ਤਦ ਵੀ ਬਹੁ-ਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ ਦੋ ਰੁੱਤਾਂ ਅਰਥਾਤ ਗਰਮੀ ਅਤੇ ਸਰਦੀ ਵਾਲਾ ਖਿੱਤਾ ਬਣ ਕੇ ਰਹਿਣ ਜਾਵੇਗਾ। ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਸੀਮਾ ਵਧ-ਘੱਟ ਰਹੀ ਹੈ ਸਗੋਂ ਇਸ ਦੇ ਤਾਪਮਾਨ ਬਾਰੇ ਵੀ ਅਨਿਸਚਿਤਤਾ ਬਣ ਗਈ ਹੈ। ਰੁੱਤਾਂ ਦੇ ਰਿਵਾਇਤੀ ਤਾਪਮਾਨ ਅਤੇ ਸਮੇਂ 'ਚ ਗਲਬੜ ਚੌਥ ਸ਼ੁਰੂ ਹੋ ਗਈ ਹੈ। ਬਹੁ-ਰੁੱਤਾਂ 'ਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ-ਸੁਵੰਨਤਾ ਦਾ ਦੋ ਜਾਂ ਤਿੰਨ 'ਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ ਦੀ ਵੰਨ ਵੰਨਗੀ ਧਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ ਦਾ ਲੁਤਫ ਮਿਲੇਗਾ। ਬਹੁ-ਰੁੱਤਾਂ ਦੀਆਂ ਬਰਕਤਾਂ ਤੋਂ ਹੱਥ ਧੋ ਕੇ ਬੰਦਾ ਸਿਰਫ ਦੋ-ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ-ਹੰਢਾਉਣ ਅਤੇ ਪਹਿਨਣ-ਪਚਰਨ ਲਈ ਨਰੜਿਆ ਜਾਵੇਗਾ। ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋ ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ ਸਹਿਣ, ਜੀ-ਪ੍ਰਚਾਵਿਆਂ, ਰੈਣ-ਬਸੇਰਿਆਂ, ਗੱਲ ਕੀ, ਸਮੁੱਚੀ ਜੀਵਨ ਸ਼ੈਲੀ 'ਚ ਵੀ ਸਿਫਤੀ ਤਬਦੀਲੀਆਂ ਚਲੰਤ ਜੀਵਨ ਰੇਖਾ ਅਤੇ ਸਾਡੀ ਜੀਵਨ-ਜਾਚ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ, ਜਿਸ ਨਾਲ ਤਿੱਖੀਆਂ ਰਾਜਨੀਤਿਕ ਤਬਦੀਲੀਆਂ ਸਮੇਤ ਮੁਲਕਾਂ ਦੀਆਂ ਹੱਦਾਂ ਅਤੇ ਆਮ ਜ਼ਿੰਦਗੀ ਵਿਚ ਵੀ ਤਿੱਖੀ ਉਥਲ-ਪੁਥਲ ਹੋਵੇਗੀ। 'ਨੇਚਰ' ਪੱਤਰਿਕਾ ਅਨੁਸਾਰ ਦੁਨੀਆਂ ਦੇ ਛੇ ਮਹੱਤਵਪੂਰਨ ਖਿੱਤਿਆਂ 'ਚ, ਜੋ ਮੋਟੇ ਤੌਰ 'ਤੇ ਵਿਸ਼ਵ ਦਾ 20 ਫੀਸਦੀ ਖੇਤਰ ਦਰਸਾਉਂਦੇ ਹਨ, 'ਚ ਕਰਵਾਈ ਗਈ ਖੋਜ ਰਾਹੀਂ ਸਾਬਤ ਹੋਇਆ ਹੈ ਕਿ 'ਮਾਰੂ-ਗੈਸਾਂ ਤਪਸ਼ ਸਦਕਾ ਹਜ਼ਾਰਾਂ ਪ੍ਰਜਾਤੀਆਂ ਦੇ ਜੀਵਨ 'ਤੇ ਸੰਕਟ ਦੇ ਬੱਦਲਾਂ ਨੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ।

ਇਕ ਖੋਜ ਅਨੁਸਾਰ 2-3 ਫਾਰਨਹੀਟ ਨਾਲ ਹੀ 20 ਤੋਂ 30 ਫੀਸਦੀ ਜੀਵ-ਵਿਭਿੰਨਤਾ ਅਤੇ ਮੌਸਮ ਤੇ ਜਲ-ਸੋਮਿਆਂ ਉੱਤੇ ਮਾਰੂ ਅਸਰ ਪੈ ਸਕਦਾ ਹੈ। ਹਾਲਤ ਇਹੋ ਰਹੀ ਤਾਂ 2050 ਤੱਕ ਸਾਡੀ ਧਰਤੀ ਉੱਤੇ ਮੌਜੂਦ ਪੇੜ-ਪੌਦਿਆਂ ਦਾ ਵੀ 50 ਫੀਸਦੀ ਤੱਕ ਸਫਾਇਆ ਹੋ ਜਾਵੇਗਾ।' ਮਨੁੱਖਾਂ ਖਾਸ ਕਰਕੇ ਸਰਕਾਰਾਂ ਦੀ ਬਿਰਤੀ ਇਹੋ ਰਹੀ ਤਾਂ ਸਾਡਾ ਉੱਤਰੀ ਖਿੱਤਾ ਹੋਰ ਅੱਧੀ ਸਦੀ ਨੂੰ ਜਾਂ ਤਾਂ ਧਰੁੱਵ (ਬਰਫਾਨੀ ਖਿੱਤਾ) ਬਣ ਜਾਵੇਗਾ ਜਾਂ ਫਿਰ ਬੰਜਰ-ਬੀਆਵਾਨ। ਮੁਕੱਦੀ ਗੱਲ ਹੈ ਇਹ ਕਿ ਮੁੱਢ ਤੋਂ ਹੀ ਮਨੁੱਖ ਆਪਣੇ-ਆਪ ਨੂੰ ਇਸ ਧਰਤੀ ਅਤੇ ਬ੍ਰਹਿਮੰਡ ਦਾ ਸਰਦਾਰ ਸਮਝਦਾ ਆਇਆ ਹੈ। ਸਾਡੇ ਕਈ ਧਾਰਮਿਕ ਪ੍ਰਚਾਰਕਾਂ ਨੇ ਵੀ ਇਸ ਲਈ ਮਿਲਦੀ-ਜਲਦੀ ਸਿੱਖਿਆ ਹੀ ਮਨੁੱਖ ਨੂੰ ਦਿੱਤੀ ਹੈ। ਆਧੁਨਿਕ ਪੁਨਰ-ਜਾਗ੍ਰਿਤੀ ਅਤੇ ਧਨ-ਕੁਬੇਰਾਂ ਵਲੋਂ ਸਿਰਜ ਦਿੱਤੀ ਗਈ ਬਾਜ਼ਾਰ ਦੀ ਚਕਾਚੌਂਧ ਨੇ ਵੀ ਇਸੇ ਸੋਚ ਨੂੰ ਦ੍ਰਿੜਾਇਆ ਹੈ ਕਿ ਸਾਰਾ ਬ੍ਰਹਿਮੰਡ ਹੀ ਮਨੁੱਖ ਦੀ ਸਰਦਾਰੀ ਲਈ ਪੈਦਾ ਕੀਤਾ ਗਿਆ ਹੈ। ਅਸਲ ਵਿਚ ਉਪਰੋਕਤ ਧਾਰਨਾ ਹੀ ਪੁਆੜੇ ਦੀ ਜੜ੍ਹ ਹੈ। ਜੇ ਮਨੁੱਖ ਨੇ ਜ਼ਿੰਦਾ ਰਹਿਣਾ ਹੈ ਤਾਂ ਹੁਣ ਫਲਸਫੇ, ਸਿਧਾਂਤ ਵਿਚਾਰਧਾਰਾਵਾਂ ਅਤੇ ਵਿਕਾਸ ਮਾਡਲ ਸਿਰਫ ਮਨੁੱਖ ਦੇ ਹਿੱਤਾਂ ਨੂੰ ਹੀ ਧਿਆਨ 'ਚ ਰੱਖ ਕੇ ਘੜ੍ਹਨ ਦੀ ਲੋੜ ਨਹੀਂ, ਬਲਕਿ ਇਸ ਧਰਤੀ ਦੇ ਛੋਟੇ ਤੋਂ ਛੋਟੇ ਜੀਵਾਂ ਨੂੰ ਵੀ ਧਿਆਨ 'ਚ ਰੱਖਣਾ ਜ਼ਰੂਰੀ ਹੈ। ਝੀਲਾਂ, ਜੰਗਲ-ਬੇਲੇ, ਪਹਾੜ, ਗੱਲ ਕੀ ਧਰਤੀ ਦੀ ਹਰ ਸ਼ੈਅ ਮਨੁੱਖ ਜਿੰਨੀ ਹੀ ਮਹੱਤਵਪੂਰਨ ਹੈ, ਸਗੋਂ ਮਨੁੱਖੀ ਹੋਂਦ ਲਈ ਮਨੁੱਖ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ। ਹੁਣ ਮਨੁੱਖਵਾਦ ਦੇ ਸੰਕਲਪ ਨੂੰ ਜ਼ਿੰਦਗੀਵਾਦ ਦੇ ਸੰਕਲਪ 'ਚ ਬਦਲਣ ਦੀ ਲੋੜ ਹੈ। ਇਹ ਸੰਕਲਪ ਸਾਡੀ ਰਹਿਤਲ 'ਚ ਪਹਿਲਾਂ ਵੀ ਪਿਆ ਸੀ, ਅਸੀਂ ਹੀ ਇਸ ਨੂੰ ਭੁੱਲ-ਭੁਲਾਅ ਗਏ ਹਾਂ।

# ਕਿਰਤ ਕਰਨ ਨੂੰ ਬਜ਼ੁਰਗ ਪਹਿਲ ਦੇਂਦੇ ਸਨ

ਪੁਰਾਤਨ ਵੱਡ ਵਡੇਰੇ ਆਪਣੀ ਸੱਚ ਦੀ ਕਿਰਤ ਕਰਨ ਅਤੇ ਕੋਈ ਵੀਰਿਆ ਵਿਗੜਿਆ ਕੰਮ ਨੂੰ ਦੁੱਖੀ ਹੋ ਕੇ ਸੰਵਾਰਨ ਵਿਚ ਸ਼ੌਂਕ ਰੱਖਦੇ ਸਨ ਅਤੇ ਉਹਨਾਂ ਨੂੰ ਸਰੂਰ ਜਿਹਾ ਚੜ੍ਹ ਜਿਹਾ ਜਾਂਦਾ ਸੀ। ਸਿਆਲ ਦੇ ਠੰਢੇ ਦਿਨਾਂ ਵਿਚ ਨਿੱਘੀ ਧੁੱਪ ਵਿਚ ਸੱਥ ਵਿਚ ਬੈਠ ਕੇ ਆਪਣੇ ਸਾਥੀਆਂ ਨਾਲ ਗੱਲਾਂ ਬਾਤਾਂ ਕਰਦੇ ਗਰਨੇ ਕੱਢਣੇ ਉਹਨਾਂ ਦਾ ਰੋਜ਼ ਦਾ ਕੰਮ ਸੀ ਅਤੇ ਆਪਣੇ ਪਰਵਾਰ ਦੇ ਮੈਂਬਰਾਂ ਨੂੰ ਵੇਲੇ ਸਿਰ ਫਸਲ ਬੀਜਣੀ ਵੱਢਣੀ, ਪਾਣੀ ਲਾਉਣਾ, ਗੋਡੀ ਕਰਨੀ ਅਜਿਹੇ ਕੰਮਾਂ ਨੂੰ ਪਹਿਲਾਂ ਹੀ ਕਰਨਾ ਚੁਕੰਨਾ ਕਰ ਦੇਂਦੇ ਸਨ। ਕਈ ਉਹ ਹਦਾਇਤ ਦੇਂਦੇ ਕਿ ਐਂਤਕੀ ਸਣ ਦਾ ਕਿਆਰਾ ਵੱਧ ਬੀਜਿਓ ਕਿਓ ਆਪਣੇ ਮੰਜੇ ਸਾਰੇ ਟੁੱਟੇ ਪਏ ਹਨ ਤੇ ਦੋ ਚਾਰ ਲਾਸਾਂ ਵੀ ਬਣ ਜਾਣ ਕੋਈ ਮਾੜੀ ਰਾਇ ਨਹੀਂ ਹੈ। ਅਤੇ ਸਣ ਦੇ ਵੱਢਣ ਵੇਲੇ ਕਹਿੰਦਾ ਬੀਜ ਵਾਲੇ ਪਾਸਿਓਂ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਕਿੰਨਾ ਵੱਢਣਾ ਅਤੇ ਬੀਜ ਐਵੇਂ ਨਹੀਂ ਗਵਾਉਣਾ ਕਿਉਂ ਇਸ ਬੀਜ ਨਾਲ ਪਸ਼ੂਆਂ ਨੂੰ ਵਾਈ ਬਾਦ ਤੋਂ ਆਰਾਮ ਆ ਜਾਂਦਾ ਹੈ ਅਤੇ ਹੇਠਲੇ ਪਾਸੇ ਗਰਨੇ ਬਣ ਜਾਂਦੇ ਸਨ।

ਪੁਰਾਤਨ ਵਡੇਰੇ ਬਹੁਤ ਧੀਰਜ ਠਰੰਮੇ ਤੇ ਸ਼ਾਂਤੀ, ਪ੍ਰੇਮ ਨਾਲ ਸ਼ਬਦਾਂ 'ਚ ਢੇਰ ਨੂੰ ਮੁਕਾ ਕੇ ਕਹਿੰਦੇ ਸਨ ਕਿ ਕਾਕਾ ਜਿੰਨੀ ਮੰਜੇ ਦੀ ਦੌਣ ਚੰਗੀ ਪਾਈ ਹੋਵੇ ਕੱਸੀ ਰੱਖੇ ਓਨੀ ਹੀ ਮੰਜੇ ਦੀ ਉਮਰ ਵੱਧ ਜਾਵੇਗੀ। ਉਨ੍ਹਾਂ ਦੇ ਵਿਲੱਖਣ ਵਿਚਾਰਾਂ ਨਾਲ ਜੁੜੀ ਮਹਿਫਲ ਵਿਚ ਹਮੇਸ਼ਾਂ ਮਿਹਨਤ, ਮਿਠਾਸ, ਪ੍ਰੇਮ ਸ਼ਾਂਤੀ ਤਾਂ ਜਗੀ ਭਰੀ ਰਹਿੰਦੀ ਸੀ। ਕਹਿੰਦੇ ਸਨ ਢਿੱਲਾ ਮੰਜਾ ਛੇਤੀ ਟੁੱਟ ਜਾਂਦਾ ਏ। ਮੰਜੇ ਦੀ ਮਿਆਦ ਜਲਦੀ ਖਤਮ ਹੋ ਜਾਂਦੀ ਕੰਮ ਕਰਨ ਦੀ ਲਗਨ ਤੇ ਮੇਹਨਤ ਕਰਨਾ ਅਨਮੋਲ ਖਜ਼ਾਨਾ ਦਿਨੋ ਦਿਨ ਮਨਫੀ ਹੋ ਰਿਹਾ ਹੈ। ਸੋਚੋ ਅੱਜ ਤੇ ਕਲ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

# ਮਸਨੂਈ ਬੁੱਧੀ ਅਤੇ ਨੈਨੋ ਤਕਨਾਲੋਜੀ ਦਾ ਖੇਤੀਬਾੜੀ ਖੇਤਰ 'ਤੇ ਪ੍ਰਭਾਵ

ਡਾ. ਸਤਬੀਰ ਸਿੰਘ, ਇੰਜੀਨੀਅਰਿੰਗ ਅਤੇ ਤਕਨਾਲੋਜੀ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਗੁਰਦਾਸਪੁਰ । ਮੋ. 98880-29401

ਮਸਨੂਈ ਬੁੱਧੀ ਕੰਪਿਊਟਰ ਪ੍ਰਣਾਲੀ ਅਤੇ ਨੈਨੋ ਤਕਨਾਲੋਜੀ ਦਾ ਸੁਮੇਲ ਕਿਸਾਨਾਂ ਦੀਆਂ ਖੇਤੀਬਾੜੀ ਨਾਲ ਸੰਬੰਧਿਤ ਮੁਸ਼ਕਿਲਾਂ ਨੂੰ ਕਾਫੀ ਹੱਦ ਤੱਕ ਹੱਲ ਕਰਨ ਦੇ ਸਮਰੱਥ ਬਣ ਰਿਹਾ ਹੈ । ਵਿਗਿਆਨੀਆਂ ਵੱਲੋਂ ਮਸਨੂਈ ਬੁੱਧੀ ਅਤੇ ਮਸ਼ੀਨ ਸਿੱਖਿਆ ਮਾਡਲਾਂ ਦੀ ਮਦਦ ਨਾਲ ਰੋਜ਼ਾਨਾ ਖੇਤੀ ਉਪਜ ਨਾਲ ਸੰਬੰਧਿਤ ਕਾਰਕਾਂ ਜਿਵੇਂ ਭੂਗੋਲਿਕ ਤਾਪਮਾਨ, ਮਿੱਟੀ ਦੀ ਸਹੀ ਪਰਖ, ਪਾਣੀ ਦੀ ਸਹੀ ਵਰਤੋਂ, ਮੌਸਮ ਦੀਆਂ ਬਦਲਦੀਆਂ ਪ੍ਰਸਥਿਤੀਆਂ ਆਦਿ ਬਾਰੇ ਹਜ਼ਾਰਾਂ ਹੀ 'ਡਾਟਾ ਪੁਆਇੰਟ' ਤਿਆਰ ਕੀਤੇ ਜਾਂਦੇ ਹਨ । ਬੀਜ ਬੀਜਣ ਲਈ ਸਹੀ ਸਮਾਂ ਚੁਣਨਾ, ਫਸਲਾਂ ਦੇ ਟਿਕਾਊ ਬਦਲਾਂ ਨੂੰ ਨਿਰਧਾਰਿਤ ਕਰਨਾ, ਵਧੇਰੇ ਉਤਪਾਦਨ / ਪੈਦਾਵਾਰ ਲਈ ਦੋਗਲੇ ਬੀਜ ਬਦਲਾਂ ਵਰਗੀਆਂ ਲਾਭਦਾਇਕ ਜਾਣਕਾਰੀਆਂ ਪ੍ਰਾਪਤ ਕਰਨ ਲਈ ਇਸ ਕੰਪਿਊਟਰ ਡਾਟੇ ਦਾ ਅਸਲ ਸਮੇਂ ਵਿਚ ਲਾਭ ਉਠਾਇਆ ਜਾਂਦਾ ਹੈ । ਮਸਨੂਈ ਬੁੱਧੀ ਪ੍ਰਣਾਲੀ ਸਮੁੱਚੀ ਖੇਤੀ ਦੀ ਪੈਦਾਵਾਰ ਦੀ ਗੁਣਵੱਤਾ ਅਤੇ ਬੀਜਣ ਵਾਲੇ ਬੀਜਾਂ ਦੀ ਸ਼ੁੱਧਤਾ ਨੂੰ ਹੋਰ ਬਿਹਤਰ ਬਣਾਉਣ ਵਿਚ ਬਹੁਤ ਮਦਦ ਕਰ ਰਹੀ ਹੈ, ਜਿਸ ਨੂੰ 'ਸ਼ੁੱਧ ਖੇਤੀ' ਵਜੋਂ ਜਾਣਿਆ ਜਾਂਦਾ ਹੈ । ਇਸ ਤੋਂ ਇਲਾਵਾ ਇਸ ਤਕਨਾਲੋਜੀ ਨਾਲ ਪੌਦਿਆਂ ਅਤੇ ਫਸਲਾਂ ਦੀਆਂ ਬਿਮਾਰੀਆਂ ਅਤੇ ਖੇਤਾਂ ਵਿਚ ਹੋਣ ਵਾਲੇ ਮਾੜੇ ਪੌਸ਼ਣ ਸੰਬੰਧੀ ਵੀ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ । ਫਸਲਾਂ, ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਅਤੇ ਉਨ੍ਹਾਂ ਦੇ ਸਹੀ ਮੁੱਲ ਬਾਰੇ ਭਵਿੱਖਬਾਣੀ ਹੁਣ ਉਪਗ੍ਰਹਿ ਚਿੱਤਰਾਂ ਰਾਹੀਂ ਵੀ ਸ਼ੁਰੂ ਹੋ ਚੁੱਕੀ ਹੈ ਜੋ ਮਸਨੂਈ ਬੁੱਧੀ ਪ੍ਰਣਾਲੀ 'ਤੇ ਹੀ ਨਿਰਭਰ ਕਰ ਰਹੀ ਹੈ । ਦੇਸ਼ ਦੇ ਕਿਹੜੇ ਖੇਤਰ ਵਿਚ ਕਿੰਨੀ ਬਾਰਿਸ਼ ਹੋਵੇਗੀ, ਕਿੱਥੇ ਪਾਣੀ ਦੀ ਕਿੱਲਤ ਹੈ, ਕਿੱਥੇ ਕਿਹੜੀ ਫਸਲ ਬੀਜਣੀ ਹੈ ਅਤੇ ਕਦੋਂ ਬੀਜਣੀ ਹੈ, ਕੀੜੇਮਾਰ ਦਵਾਈਆਂ ਦੀ ਕਿੰਨੀ ਲੋੜ ਹੈ ਆਦਿ ਦੀ ਪੇਸ਼ੀਨਗੋਈ ਹੁਣ ਆਧੁਨਿਕ ਕੰਪਿਊਟਰ ਤਕਨੀਕਾਂ ਬਿੱਗ ਡਾਟਾ, ਮਸਨੂਈ ਬੁੱਧੀ ਅਤੇ ਮਸ਼ੀਨ ਸਿੱਖਿਆ ਨਾਲ ਹੋਣੀ ਸ਼ੁਰੂ ਹੋ ਚੁੱਕੀ ਹੈ । ਰੱਖਿਆ ਖੇਤਰ ਤੋਂ ਬਾਅਦ ਜੇ ਦੇਖਿਆ ਜਾਵੇ ਤਾਂ ਖੇਤੀਬਾੜੀ ਖੇਤਰ ਦੂਜੀ ਵੱਡੀ ਉਦਯੋਗਿਕ ਇਕਾਈ ਹੈ, ਜਿੱਥੇ ਹੁਣ ਮਸਨੂਈ ਬੁੱਧੀ ਸਵੈਚਾਲਿਤ ਰੋਬੋਟ ਮਾਰਕੀਟ ਪ੍ਰਫੁੱਲਿਤ ਹੋ ਰਹੀ ਹੈ । ਅੰਤਰਰਾਸ਼ਟਰੀ ਰੋਬੋਟ ਫੈਡਰੇਸ਼ਨ ਮੁਤਾਬਿਕ 25,000 ਰੋਬੋਟ ਖੇਤੀਬਾੜੀ ਦੇ ਕੰਮਾਂ ਵਿਚ ਸਹਾਈ ਹੋ ਰਹੇ ਹਨ ।

## ਮਸਨੂਈ ਬੁੱਧੀ ਅਤੇ ਖੇਤੀ

ਭਾਰਤ ਸਰਕਾਰ ਦੇ ਵਿੱਤ ਵਿਭਾਗ ਦੇ ਅੰਕੜਿਆਂ ਅਨੁਸਾਰ 2004-2014 ਤੱਕ ਭਾਰਤੀ ਖੇਤੀਬਾੜੀ ਵਾਧਾ ਦਰ 3.59% ਸਾਲਾਨਾ ਸੀ, ਇਹ 2020 ਤੱਕ ਮਿੱਥੀ ਹੋਈ ਸਾਲਾਨਾ ਸੀ, ਇਹ 2020 ਤੱਕ ਮਿੱਥੀ ਹੋਈ ਸਾਲਾਨਾ ਖੇਤੀਬਾੜੀ ਵਾਧਾ ਦਰ ਤੋਂ 4% ਘੱਟ ਸੀ । 2020-21 'ਚ ਇਹ ਦਰ 3.6% ਦੀ ਸਾਲਾਨਾ ਦਰ ਦੇ ਵਾਧੇ ਨਾਲ ਦਰਜ ਕੀਤੀ ਗਈ । 2021-22 'ਚ ਇਸ 3.9% ਤੱਕ ਦਾ ਸੁਧਾਰ ਹੋਇਆ, ਜਿਸ ਨਾਲ ਸਮੁੱਚੀ ਭਾਰਤੀ ਅਰਥ ਵਿਵਸਥਾ ਦੇ ਅਸਲ ਜੀ.ਡੀ.ਪੀ. ਵਿਸਤਾਰ 'ਚ ਵਾਧਾ ਹੋਇਆ । 1991-95 ਤੱਕ ਭਾਰਤ 'ਚ ਸਾਲਾਨਾ ਪ੍ਰਤੀ ਵਿਅਕਤੀ ਅਨਾਜ ਉਤਪਾਦਨ 207 ਕਿਲੋਗ੍ਰਾਮ ਸੀ, ਜੋ ਕਿ 2014-17 ਤੱਕ 179 ਕਿਲੋਗ੍ਰਾਮ ਰਹਿ ਗਿਆ । ਸੀਮਤ ਜਲ ਅਤੇ ਜ਼ਮੀਨੀ ਸਰੋਤਾਂ ਦੇ ਨਾਲ ਅਸੀਂ ਖੇਤੀਬਾੜੀ ਦੇ ਵਿਕਾਸ ਦਾ ਟੀਚਾ ਆਧੁਨਿਕ ਤਕਨੀਕਾਂ ਦੀ ਮਦਦ ਨਾਲ (ਪ੍ਰਤੀ ਯੂਨਿਟ ਕੁਦਰਤੀ ਸਰੋਤ ਉਤਪਾਦਨ ਵਧਾਉਣ ਨਾਲ) ਅਤੇ ਖੇਤੀ ਆਮਦਨ ਵਧਾ ਕੇ ਹੀ ਪੂਰਾ ਕਰ ਸਕਦੇ ਹਾਂ । ਪਿਛਲੇ 2-3 ਸਾਲਾਂ 'ਚ ਖੇਤੀ ਉਤਪਾਦਨ ਅਤੇ ਆਮਦਨੀ 'ਚ ਲਗਾਤਾਰ ਗਿਰਾਵਟ ਆ ਰਹੀ ਹੈ । ਮਸਨੂਈ ਬੁੱਧੀ ਵਾਲੀਆਂ ਨੈਨੋ ਤਕਨੀਕਾਂ ਤੋਂ ਬਿਨਾਂ ਭਾਰਤੀ ਖੇਤੀ ਵਿਵਸਥਾ ਨੂੰ ਮਾੜੇ ਦੌਰ ਵਿਚੋਂ ਕੱਢਣਾ ਔਖਾ ਹੈ । 60% ਭਾਰਤੀ ਜਨਸੰਖਿਆ ਖੇਤੀਬਾੜੀ 'ਤੇ ਹੀ ਨਿਰਭਰ ਕਰਦੀ ਹੈ । ਖੇਤੀ ਨੂੰ ਬਚਾਉਣ ਲਈ ਕੁਦਰਤੀ ਸਰੋਤਾਂ, ਪਾਣੀ, ਮਿੱਟੀ ਅਤੇ ਵਾਤਾਵਰਣ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ । ਸੋ, ਅਜਿਹੇ ਸਮੇਂ ਵਿਚ ਨੈਨੋ ਤਕਨੀਕਾਂ ਅਤੇ ਮਸਨੂਈ ਬੁੱਧੀ ਵਾਲੀ ਪ੍ਰਣਾਲੀ ਖੇਤੀਬਾੜੀ ਦੇ ਵਿਕਾਸ 'ਚ ਸੁਧਾਰ ਲਿਆ ਸਕਦੀ ਹੈ ।

## ਖੇਤੀਬਾੜੀ 'ਚ ਸੁਧਾਰ

ਨੈਨੋ ਤਕਨਾਲੋਜੀ ਨੂੰ ਸੰਭਾਵੀ ਤਕਨੀਕਾਂ 'ਚੋਂ ਇਕ ਮਹੱਤਵਪੂਰਨ ਤਕਨੀਕ ਵਜੋਂ ਪਛਾਣਿਆ ਗਿਆ ਹੈ, ਜੋ ਖੇਤੀਬਾੜੀ ਤੇ ਭੋਜਨ ਉਦਯੋਗ ਨੂੰ ਮੁੜ ਸੁਰਜੀਤ ਕਰ ਸਕਦੀ ਹੈ । ਇਸ ਨਾਲ ਕਿਸਾਨਾਂ ਅਤੇ ਗਰੀਬ ਲੋਕਾਂ ਦੀ ਰੋਜ਼ੀ-ਰੋਟੀ ਅਤੇ ਆਮਦਨ ਵਿਚ ਵੀ ਸੁਧਾਰ ਆਵੇਗਾ । ਹਾਲਾਂਕਿ ਆਲਮੀ ਪੱਧਰ ਦੇ ਨਾਲ-ਨਾਲ ਭਾਰਤ 'ਚ ਖੇਤੀਬਾੜੀ ਤੇ ਭੋਜਨ ਪ੍ਰਣਾਲੀ ਵਿਚ ਨੈਨੋ ਤਕਨਾਲੋਜੀ ਦੀ ਵਰਤੋਂ ਅਜੇ ਸ਼ੁਰੂਆਤੀ ਪੜਾਅ ਵਿਚ ਹੈ । ਖੇਤੀਬਾੜੀ 'ਚ ਨੈਨੋ ਤਕਨਾਲੋਜੀ ਦਾ ਉਪਯੋਗ ਇਕ ਤਕੜੀ ਅਤੇ ਪ੍ਰਭਾਵਸ਼ਾਲੀ ਰੈਗੂਲੇਟਰੀ ਵਿਧੀ ਅਤੇ ਮਜ਼ਬੂਤ ਸ਼ਾਸਨ ਪ੍ਰਣਾਲੀ ਦੀ ਮੰਗ ਕਰਦਾ ਹੈ, ਬਸ਼ਰਤੇ ਇਸ ਦੇ ਉਪਯੋਗਾਂ ਵਿਚ ਸਾਰੇ ਹਿੱਸੇਦਾਰਾਂ ਦੇ ਸਮੂਹ ਸ਼ਾਮਿਲ ਹੋਣ । ਇਸ ਤਰ੍ਹਾਂ ਨੈਨੋ ਤਕਨਾਲੋਜੀ ਟਿਕਾਊ ਖੇਤੀ ਉਤਪਾਦਨ 'ਤੇ ਜ਼ੋਰ ਦੇਣ ਨਾਲ ਭਾਰਤੀ ਖੇਤੀਬਾੜੀ ਖੇਤਰ 'ਚ ਲੋੜੀਂਦੀ ਦੂਜੀ ਹਰੀ ਕ੍ਰਾਂਤੀ ਪ੍ਰਦਾਨ ਕਰ ਸਕਦੀ ਹੈ ।

ਖੇਤੀਬਾੜੀ ਖੇਤਰ 'ਚ ਨੈਨੋ ਤਕਨਾਲੋਜੀ ਅਤੇ ਮਸਨੂਈ ਬੁੱਧੀ ਪ੍ਰਣਾਲੀ ਦੀ ਮਹੱਤਤਾ ਪਿਛਲੇ ਕੁੱਝ ਸਾਲਾਂ 'ਚ ਵਧੀ ਹੈ । ਇਨ੍ਹਾਂ ਕਾਢਾਂ ਨਾਲ ਉਤਪਾਦਨ ਵਧੇਗਾ, ਨਦੀਨ ਨਾਸ਼ਕਾਂ ਦੀ ਵਰਤੋਂ ਘਟੇਗੀ । ਪਸ਼ੂਆਂ ਅਤੇ ਪੌਦਿਆਂ ਦੀ ਨਸਲ 'ਚ ਇਨ੍ਹਾਂ ਤਕਨੀਕਾਂ ਦੀ ਮਦਦ ਨਾਲ ਨਵਾਂ ਪਰਿਵਰਤਨ ਵੀ ਆਏਗਾ । ਨੈਨੋ-ਫਿਲਟਰਾਂ ਜਾਂ ਨੈਨੋ-ਰਵਿਆਂ ਦੀ ਮਦਦ ਨਾਲ ਮੌਜੂਦਾ ਪ੍ਰਦੂਸ਼ਕਾਂ 'ਤੇ ਕੰਟਰੋਲ ਕਰਕੇ ਪ੍ਰਦੂਸ਼ਣ ਦੀ ਸਮੱਸਿਆ ਵੀ ਹੱਲ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਨੈਨੋ-ਕਣਾਂ, ਨੈਨੋ ਬੁਰਸ਼ਾਂ, ਨੈਨੋ ਝਿੱਲੀਆਂ (ਪਤਲੀਆਂ ਨੈਨੋ ਪਰਤਾਂ) ਨਾਲ ਪਾਣੀ ਅਤੇ ਮਿੱਟੀ ਨੂੰ ਵੀ ਸਾਫ-ਸੁਥਰਾ ਰੱਖਿਆ ਜਾ ਸਕਦਾ ਹੈ । ਇਨ੍ਹਾਂ ਤਕਨੀਕਾਂ ਨਾਲ ਮੱਛੀ ਪਾਲਣ ਵਾਲੇ ਤਲਾਬ ਸਾਫ-ਸੁਥਰੇ ਰੱਖੇ ਜਾ ਸਕਦੇ ਹਨ ਅਤੇ ਪੌਦਿਆਂ/ਫਸਲਾਂ ਦੇ ਬੀਜ ਵੀ ਸੁਧਾਰੇ ਜਾ ਸਕਦੇ ਹਨ । ਪੌਦਿਆਂ/ਫਸਲਾਂ ਦੀ ਸਿਹਤ ਅਤੇ ਮਿੱਟੀ ਦੀ ਗੁਣਵੱਤਾ ਵੀ ਪਰਖੀ ਜਾ ਸਕਦੀ ਹੈ । ਭੋਜਨ ਉਦਯੋਗ, ਫਸਲ ਉਤਪਾਦਨ, ਮਿੱਟੀ ਦਾ ਸੁਧਾਰ, ਪਾਣੀ ਦਾ ਸ਼ੁੱਧੀਕਰਨ, ਪੌਦਿਆਂ ਅਤੇ ਪਸ਼ੂਆਂ ਦੀਆਂ ਨਸਲਾਂ ਵਿਚ ਨੈਨੋ-ਤਕਨੀਕਾਂ ਦੀ ਮਦਦ ਨਾਲ ਕਾਫੀ ਸੁਧਾਰ ਕੀਤਾ ਜਾ ਸਕਦਾ ਹੈ । ਨੈਨੋ ਖਾਦਾਂ ਦੀ ਮਦਦ ਨਾਲ ਮਿੱਟੀ ਦੀ ਉਤਪਾਦਨ ਸ਼ਕਤੀ ਵਧਾਈ ਜਾ ਸਕਦੀ ਹੈ । ਇਸ ਨਾਲ ਵਧੀਆ ਕਿਸਮ ਦੀਆਂ ਵੱਧ ਝਾੜ ਦੇਣ ਵਾਲੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ । ਫਸਲਾਂ 'ਤੇ ਪੁਰਾਣੀਆਂ ਸਪਰੇਆਂ ਅਤੇ ਬਰਾਡਕਾਸਟ ਕਰਨ ਵਾਲੀਆਂ ਵਿਧੀਆਂ ਨਾਲ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਜਾਂਦੇ ਹਨ । ਖਾਦਾਂ ਦੇ ਛੱਟੇ ਦੇਣ ਨਾਲ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਵਰਗੇ ਮਹੱਤਵਪੂਰਨ ਤੱਤਾਂ ਦਾ ਕਾਫੀ ਹਿੱਸਾ (50%-80%) ਵਾਤਾਵਰਨ ਵਿਚ ਅਜਾਈਂ ਚਲਾ ਜਾਂਦਾ ਹੈ । ਰਸਾਇਣਿਕ ਪ੍ਰਦੂਸ਼ਣ ਵੀ ਪੈਦਾ ਹੁੰਦਾ ਹੈ, ਜੋ ਕਿ ਮਨੁੱਖਾਂ, ਪਸ਼ੂਆਂ, ਫਸਲਾਂ ਅਤੇ ਪਾਣੀਆਂ ਦੇ ਸਰੋਤਾਂ 'ਚ ਰਲ ਕੇ ਜ਼ਹਿਰੀਲੇ ਤੱਤ ਪੈਦਾ ਕਰਦਾ ਹੈ । ਇਸ ਹਲਾਤ 'ਚ ਵਾਤਾਵਰਨ ਨੂੰ ਜ਼ਹਿਰੀਲੇ ਪਦਾਰਥਾਂ ਤੋਂ ਬਚਾਉਣ ਲਈ ਨੈਨੋ ਤਕਨੀਕਾਂ ਹੀ ਸਹਾਇਕ ਹਨ । ਕਿਸਾਨਾਂ ਦੇ ਖੇਤੀ ਖਰਚੇ ਵੀ ਘੱਟ ਹੋਣਗੇ । ਵਰਜੀਨੀਆ ਤਕਨੀਕੀ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਇਕ ਸਮਾਰਟ ਪ੍ਰਣਾਲੀ ਵਾਲਾ ਯੰਤਰ ਬਣਾਇਆ ਹੈ, ਜਿਸ ਵਿਚ ਕੰਪਿਊਟਰ ਨਾਲ ਕੰਟਰੋਲ ਹੋਣ ਵਾਲੀ ਸਰਵੋ ਮੋਟਰ ਅਤੇ ਕੈਮਰਾ ਲੱਗਾ ਹੋਇਆ ਹੈ । ਇਹ ਯੰਤਰ ਸੁੱਕੇ, ਪਤਲੇ ਤੇ ਬਿਮਾਰ ਪੌਦਿਆਂ ਨੂੰ ਪਛਾਣ ਕੇ ਉਨ੍ਹਾਂ ਦੇ ਆਕਾਰ, ਬਣਤਰ ਅਤੇ ਰੰਗ-ਰੂਪ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਸਿਰਫ ਉਨ੍ਹਾਂ ਨੂੰ ਹੀ ਬਿਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਨਿਸ਼ਾਨਾ ਬਣਾ ਕੇ ਸਪਰੇਅ ਕਰਦਾ ਹੈ । ਅਜਿਹੀ ਮਸਨੂਈ ਬੁੱਧੀ ਪ੍ਰਣਾਲੀ ਨੈਨੋ ਸੈਂਸਰਾਂ ਦੀ ਮਦਦ ਨਾਲ ਕਿਸਾਨਾਂ ਦੀ ਪ੍ਰੇਸ਼ਾਨੀ ਨੂੰ ਘੱਟ ਕਰੇਗੀ । ਪਰ ਇਸ ਸਭ ਦੇ ਨਾਲ-ਨਾਲ ਕਿਸਾਨਾਂ ਨੂੰ ਅਜਿਹੀਆਂ ਵਿਧੀਆਂ/ਤਕਨੀਕਾਂ ਦੀ ਸਿੱਖਿਆ ਦੇਣੀ ਵੀ ਬਹੁਤ ਜ਼ਰੂਰੀ ਹੋਵੇਗੀ ।

## ਤਕਨੀਕੀ ਖੇਤੀਬਾੜੀ ਦਾ ਭਵਿੱਖ

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਫਸਲਾਂ ਦੀ ਪੈਦਾਵਾਰ, ਗੁਣਵੱਤਾ ਅਤੇ ਕਿਸਾਨਾਂ ਦੀ ਮਿਹਨਤ ਅਭਿਆਸ ਪਿਛਲੇ ਸਮਿਆਂ ਨਾਲੋਂ ਕੁਝ ਵਧੇਰੇ ਕੁਸ਼ਲ ਹੋਇਆ ਹੈ । ਧਰਤੀ 'ਤੇ ਵਿਸ਼ਵ ਵਿਆਪੀ ਆਬਾਦੀ ਸੰਨ 2050 ਤੱਕ 9.9 ਬਿਲੀਅਨ ਤੱਕ ਹੋਰ ਵਧ ਜਾਵੇਗੀ ਇਸ ਨਾਲ ਭੋਜਨ ਦੀ ਮੰਗ ਹੋਰ ਵੀ ਬਹੁਤ ਜ਼ਿਆਦਾ (ਤਕਰੀਬਨ 35%-56% ਤੱਕ) ਵਧ ਜਾਵੇਗੀ । ਵਾਤਾਵਰਨ ਤੇ ਜਲਵਾਯੂ ਤਬਦੀਲੀਆਂ ਨਾਲ ਕੁਦਰਤੀ ਸਰੋਤਾਂ 'ਤੇ ਵੀ ਅਸਰ ਹੋਵੇਗਾ । ਅਜਿਹੇ ਸਮੇਂ 'ਚ ਮਸਨੂਈ ਬੁੱਧੀ ਵਾਲੀਆਂ ਮਸ਼ੀਨਾਂ ਹੀ ਇਕ ਅਜਿਹਾ ਹੱਲ ਹੋਣਗੀਆਂ ਜੋ ਕਿ ਸਭ 'ਤੇ ਕੰਟਰੋਲ ਕਰ ਸਕਦੀਆਂ ਹਨ । ਵਿਸ਼ਵ ਪੱਧਰ 'ਤੇ ਸੰਨ 2025 ਤੱਕ ਸਮਾਰਟ ਖੇਤੀਬਾੜੀ 'ਤੇ 46 ਬਿਲੀਅਨ ਡਾਲਰ ਖਰਚ ਕੀਤੇ ਜਾਣਗੇ ।

ਖੇਤੀਬਾੜੀ ਖੇਤਰ 'ਚ ਮਸਨੂਈ ਬੁੱਧੀ ਵਿਕਾਸ ਦੇ ਬਾਜ਼ਾਰ ਦਾ ਆਕਾਰ 20% ਮਿਸ਼ਰਿਤ ਸਾਲਾਨਾ ਵਿਕਾਸ ਦੀ ਦਰ ਨਾਲ ਵਧੇਗਾ । ਵਿਕਾਸ ਦਰ ਦਾ ਇਹ ਆਕਾਰ ਸੰਨ 2026 ਤੱਕ ਵਧ ਕੇ 2.5 ਬਿਲੀਅਨ ਡਾਲਰ ਤੱਕ ਪੁੱਜ ਜਾਵੇਗਾ । ਕਿਸਾਨ ਭਰਾਵਾਂ ਦੀਆਂ ਖੇਤੀ ਨਾਲ ਸੰਬੰਧਿਤ ਵੱਡੀਆਂ ਮੁਸ਼ਕਿਲਾਂ ਹੱਲ ਹੋਣਗੀਆਂ । ਮਿੱਟੀ ਅਤੇ ਫਸਲਾਂ ਦੀਆਂ ਹਾਲਤਾਂ ਦਾ ਜਾਇਜ਼ਾ ਲੈਣ ਲਈ ਨਵੀਂ ਕਿਸਮ ਦੇ ਡਰੋਨ ਵੀ ਵਰਤੇ ਜਾਣਗੇ, ਜੋ ਕਿ ਉਚਾਈ ਤੋਂ ਫਸਲਾਂ ਦੇ ਚਿੱਤਰ ਵਗੈਰਾ ਲੈ ਕੇ ਡਾਟੇ ਨੂੰ ਕੰਪਿਊਟਰ ਵਿਜ਼ਨ ਮਾਡਲਾਂ ਤੱਕ ਭੇਜ ਕੇ ਇਹ ਪਤਾ ਕਰਨਗੇ ਕਿ ਫਸਲਾਂ ਦੇ ਬੂਟਿਆਂ ਦਾ ਆਕਾਰ ਕੀ ਹੈ, ਕੀ ਕੋਈ ਬਿਮਾਰੀ ਤਾਂ ਲੱਗੀ, ਕੀ ਪੱਤੇ ਸੁੱਕੇ ਹੋਏ ਤਾਂ ਨਹੀਂ ਹਨ । ਇਨ੍ਹਾਂ ਜਾਣਕਾਰੀਆਂ ਦੇ ਆਧਾਰ 'ਤੇ ਫਸਲਾਂ ਦੀ ਸਿਹਤ ਦੀ ਸੰਭਾਲ ਕੀਤੀ ਜਾ ਸਕਦੀ ਹੈ । ਹੋਣ ਵਾਲੀ ਪੈਦਾਵਾਰ ਅਤੇ ਕੁੱਲ ਉਤਪਾਦਨ ਦੀ ਭਵਿੱਖਬਾਣੀ ਵੀ ਕੀਤੀ ਜਾ ਸਕਦੀ ਹੈ ਕਿ ਪ੍ਰਤੀ ਏਕੜ ਕਿੰਨਾ ਝਾੜ ਨਿਕਲੇਗਾ । ਅਜਿਹੇ ਮਸਨੂਈ ਬੁੱਧੀ ਵਾਲੇ ਮਾਡਲਾਂ ਦੀ ਸਹਾਇਤਾ ਨਾਲ ਫਸਲਾਂ ਨੂੰ ਹੋਣ ਵਾਲੇ ਸੰਭਾਵੀ ਖਤਰਿਆਂ ਸੰਬੰਧੀ ਕਿਸਾਨਾਂ ਨੂੰ ਅਗਾਊਂ ਸੂਚਨਾ ਵੀ ਦਿੱਤੀ ਜਾ ਸਕਦੀ ਹੈ ਅਤੇ ਬਚਾਅ ਦੇ ਯਤਨ ਵੀ ਕੀਤੇ ਜਾ ਸਕਦੇ ਹਨ । ਜ਼ਮੀਨ 'ਚ ਪਾਣੀ ਦੇ ਘੱਟ ਹੋ ਰਹੇ ਪੱਧਰ ਦੀ ਜਾਣਕਾਰੀ ਵੀ ਮਸਨੂਈ ਬੁੱਧੀ ਵਾਲੇ ਮਾਡਲਾਂ ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ । ਭੂਮੀ ਦੇ ਕਿਸ ਹਿੱਸੇ 'ਚ ਦੂਸ਼ਿਤ ਪਾਣੀ ਦਾ ਵਹਾਅ ਹੋ ਰਿਹਾ ਹੈ, ਫੈਕਟਰੀਆਂ ਅਤੇ ਉਦਯੋਗਿਕ ਇਕਾਈਆਂ ਵਲੋਂ ਕਿਸ ਪੱਧਰ ਦੇ ਜ਼ਹਿਰੀਲੇ ਰਸਾਇਣ ਨਦੀਆਂ, ਨਾਲਿਆਂ, ਨਹਿਰਾਂ ਵਿਚ ਅਤੇ ਭੂਮੀ ਦੇ ਅੰਦਰ ਟੋਏ ਪੱਟ ਕੇ ਛੱਡੇ ਜਾ ਰਹੇ ਹਨ, ਬਾਰੇ ਵੀ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ । ਪਿੰਡਾਂ, ਸ਼ਹਿਰਾਂ ਵਿਚ ਕੂੜੇ ਦੇ ਲੱਗੇ ਢੇਰ, ਫੈਕਟਰੀਆਂ ਦੇ ਪ੍ਰਦੂਸ਼ਣ, ਪਰਾਲੀ ਸਾੜਨ ਆਦਿ ਦਾ ਵਾਤਾਵਰਨ 'ਤੇ ਕੀ ਪ੍ਰਭਾਵ ਪੈ ਰਿਹਾ ਹੈ, ਬਾਰੇ ਵੀ ਬਹੁਤ ਕੁੱਝ ਨਵਾਂ ਪਤਾ ਲਗਾਇਆ ਜਾ ਸਕਦਾ ਹੈ । ਇਨ੍ਹਾਂ ਤੋਂ ਵਾਤਾਵਰਣ ਨੂੰ ਕਿਵੇਂ ਬਚਾਉਣਾ ਹੈ, ਰਾਜ ਸਰਕਾਰਾਂ ਇਸ ਬਾਰੇ ਪਾਇਲਟ ਪ੍ਰਾਜੈਕਟ ਵੀ ਸ਼ੁਰੂ ਕਰ ਸਕਦੀਆਂ ਹਨ । ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਤੋਂ ਛੁਟਕਾਰਾ ਵੀ ਮਿਲ ਜਾਵੇਗਾ । ਪਰਾਲੀ ਨੂੰ ਵਧੀਆ ਕਿਸਮ ਦੇ ਕਾਗਜ਼ ਬਣਾਉਣ ਲਈ ਵਰਤਿਆ ਜਾ ਸਕਦਾ ਹੈ । ਕੂੜੇ 'ਚੋਂ ਪਲਾਸਟਿਕ ਨੂੰ ਬਾਹਰ ਕੱਢ ਕੇ, ਸੁਕਾ ਕੇ ਅਤੇ ਪਿਘਲਾ ਕੇ ਰਸਾਇਣਿਕ ਕਿਰਿਆਵਾਂ ਦੀ ਮਦਦ ਨਾਲ ਸੜਕਾਂ ਦੇ ਨਿਰਮਾਣ ਵਿਚ ਵਰਤਿਆ ਜਾ ਸਕਦਾ ਹੈ । ਇਸ ਤੋਂ ਇਲਾਵਾ ਮਸਨੂਈ ਬੁੱਧੀ ਵਾਲੇ ਵਿਕਸਿਤ ਮਾਡਲ ਫਲਾਂ ਤੇ ਸਬਜ਼ੀਆਂ ਨੂੰ ਖਰਾਬ ਕਰਨ ਵਾਲੇ ਨਦੀਨਾਂ, ਮੱਖੀਆਂ, ਮੱਛਰਾਂ ਤੇ ਹੋਰ ਕੀਟ ਪਤੰਗਿਆਂ ਦੀ ਪਹਿਚਾਣ 95% ਤੱਕ ਸਹੀ ਕਰ ਪਾਉਣਗੇ । ਮਿੱਟੀ ਦੀ ਪਰਖ ਕਰਨ ਉਪਰੰਤ ਇਹ ਮਾਡਲ ਇਹ ਵੀ ਦੱਸੇਗਾ ਕਿ ਕਿਹੜੀ ਮਿੱਟੀ ਵਿਚ ਕਿਹੜੀ ਫਸਲ ਬੀਜਣੀ ਲਾਭਦਾਇਕ ਰਹੇਗੀ ਅਤੇ ਉਸ ਦੀ ਕਿੰਨੀ ਪੈਦਾਵਾਰ ਹੋਵੇਗੀ । ਕਿਸਾਨਾਂ ਦੇ ਖੇਤੀਬਾੜੀ ਵਿਭਾਗ ਦੇ ਦਫਤਰਾਂ ਦੇ ਫੇਰੇ ਵੀ ਘੱਟ ਲਗਣਗੇ । ਦੇਖਣ 'ਚ ਆਇਆ ਹੈ ਕਿ ਉਨ੍ਹਾਂ ਦਾ ਆਮ ਕਿਸਾਨਾਂ ਨਾਲ ਰਾਬਤਾ ਵੀ ਘੱਟ ਹੋ ਰਿਹਾ ਹੈ ।

ਮਸਨੂਈ ਬੁੱਧੀ ਖੇਤਰ 'ਚ ਕਿਸਾਨਾਂ ਨੂੰ ਵੀ ਬਹੁਤ ਕੁਸ਼ਲ ਹੋਣਾ ਪਵੇਗਾ । ਕਿਸਾਨ ਹੀ ਮਸਨੂਈ ਬੁੱਧੀ ਇੰਜੀਨੀਅਰ ਬਣਨਗੇ । ਜੇ ਪਿਛਲੇ ਸਮੇਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਤਕਨਾਲੋਜੀ ਖੇਤੀਬਾੜੀ ਨਾਲ ਸੰਬੰਧਿਤ ਉਪਜਾਂ ਦੀ ਕੁਸ਼ਲਤਾ/ਗੁਣਵੱਤਾ ਨੂੰ ਨਿਖਾਰਨ ਲਈ ਬਹੁਤ ਜ਼ਰੂਰੀ ਹੈ । ਤਕਨਾਲੋਜੀ ਨਾਲ ਸੰਬੰਧਿਤ ਖੇਤੀਬਾੜੀ ਸੰਦਾਂ, ਜਿਵੇਂ ਆਪਟੀਕਲ ਲੇਜ਼ਰ ਬੀਮ ਵਾਲੇ ਸੁਹਾਗੇ ਖੇਤ ਵਿਚ ਮਿੱਟੀ ਦੇ ਪੱਧਰ ਨੂੰ ਸਹੀ ਕਰਨ ਲਈ ਬਹੁਤ ਮਹੱਤਵਪੂਰਨ ਸਿੱਧ ਹੋ ਰਹੇ ਹਨ ਅਤੇ ਕਿਸਾਨਾਂ ਦੀ ਪਹਿਲੀ ਪਸੰਦ ਬਣ ਰਹੇ ਹਨ । ਪੁਰਾਣੇ ਟਰੈਕਟਰਾਂ ਤੋਂ ਮਸਨੂਈ ਬੁੱਧੀ ਵਾਲੇ ਯੰਤਰਾਂ ਤੱਕ ਪਹੁੰਚਣਾ ਖੇਤੀਬਾੜੀ ਖੇਤਰ ਵਿਚ ਇਕ ਵੱਡੀ ਪੁਲਾਂਘ ਪੁੱਟਣ ਦੇ ਬਰਾਬਰ ਹੈ ।



## ਕੁਝ ਜ਼ਰੂਰੀ ਕਾਰਕ

ਸਾਡੇ ਜਲਵਾਯੂ, ਵਾਤਾਵਰਨ ਅਤੇ ਆਲਮੀ ਪੱਧਰ 'ਤੇ ਭੋਜਨ ਅਤੇ ਖਾਧ ਪਦਾਰਥਾਂ ਦੀਆਂ ਜ਼ਰੂਰਤਾਂ ਵਿਚ ਹੋਣ ਵਾਲੀਆਂ ਤਬਦੀਲੀਆਂ ਦੇ ਨਾਲ-ਨਾਲ ਮਸਨੂਈ ਬੁੱਧੀ ਅਤੇ ਨੈਨੋ ਤਕਲਾਲੋਜੀ ਹੇਠ ਲਿਖੇ ਕਾਰਕਾਂ ਰਾਹੀਂ 21ਵੀਂ ਸਦੀ ਦੀ ਰਿਵਾਇਤੀ ਖੇਤੀ ਨੂੰ ਆਧੁਨਿਕ ਖੇਤੀ ਵਿਚ ਬਦਲਣ ਦੀ ਸਮਰੱਥਾ ਰੱਖਦੀ ਹੈ । ਸਮੇਂ, ਮਿਹਨਤ ਅਤੇ ਕੁਦਰਤੀ ਸਰੋਤਾਂ ਦੀ ਕੁਸ਼ਲਤਾ ਨੂੰ ਵਧਾਉਣਾ ਅਤੇ ਵਾਤਾਵਰਨ ਸਥਿਰਤਾ 'ਚ ਸੁਧਾਰ ਲਿਆਉਣਾ ਬੇਹੱਦ ਜ਼ਰੂਰੀ ਹੈ । ਸਰੋਤਾਂ ਦੇ ਵਰਗੀਕਰਨ ਨੂੰ 'ਚੁਸਤ' ਬਣਾਉਣਾ ਅਤੇ ਉਤਪਾਦਾਂ/ਬੀਜਾਂ ਦੀ ਚੰਗੀ ਸਿਹਤ ਅਤੇ ਗੁਣਵੱਤਾਂ ਨੂੰ ਉਤਸ਼ਾਹਿਤ ਕਰਨਾ, 'ਅਸਲ ਸਮੇਂ' ਦੀ ਨਿਗਰਾਨੀ ਪ੍ਰਦਾਨ ਕਰਨਾ ਆਦਿ ਕੰਮਾਂ ਲਈ ਨਵੀਂ ਤਕਨੀਕ ਅਹਿਮ ਰੋਲ ਅਦਾ ਕਰ ਸਕਦੀ ਹੈ । ਬੇਸ਼ੱਕ, ਖੇਤੀਬਾੜੀ ਤੇ ਉਦਯੋਗਿਕ ਢਾਂਚੇ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਪਵੇਗੀ ਪਰ ਕਿਸਾਨ ਭਰਾਵਾਂ ਨੂੰ ਆਪਣੇ ਖੇਤੀ ਗਿਆਨ ਨੂੰ ਮਸਨੂਈ ਬੁੱਧੀ ਸਿਖਲਾਈ ਅਨੁਸਾਰ ਢਾਲਣ ਦੀ ਵੀ ਜ਼ਰੂਰਤ ਹੋਵੇਗੀ । ਇਹ ਸਭ ਕੁਝ ਖੇਤੀਬਾੜੀ ਖੇਤਰ ਦੇ ਅੰਦਰ ਤਕਨੀਕੀ ਅਤੇ ਵਿੱਦਿਅਮ ਨਿਵੇਸ਼ਾਂ 'ਤੇ ਹੀ ਨਿਰਭਰ ਕਰੇਗਾ । ਰਾਜਾਂ ਦੀਆਂ ਸਰਕਾਰਾਂ ਇਸ 'ਚ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ । ਅਜਿਹਾ ਹੋਣ ਨਾਲ ਅਗਲੇ 5 ਤੋਂ 10 ਸਾਲਾਂ ਵਿਚ ਵਿਸ਼ਵ-ਪੱਧਰ 'ਤੇ ਭੋਜਨ ਸੁਰੱਖਿਆ ਅਤੇ ਖਾਧ-ਪਦਾਰਥਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਹੋਣੀ ਸੰਭਵ ਹੋ ਸਕੇਗੀ ।



# ਕੁਦਰਤੀ ਖੇਤੀ 'ਚ ਲਾਭਦਾਇਕ ਕੀੜੇ

ਡਾ. ਅਮਨਦੀਪ ਕੌਰ, ਸਹਾਇਕ ਪ੍ਰੋਫੈਸਰ, ਜੀਵ ਵਿਗਿਆਨ ਵਿਭਾਗ,
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ।

ਕੁਦਰਤੀ ਖੇਤੀ ਸਮੇਂ ਦੀ ਮੰਗ ਹੈ। ਅੱਜ ਅਸੀਂ ਸਮੇਂ ਦੇ ਜਿਸ ਪੜਾਅ 'ਤੇ ਖੜ੍ਹੇ ਹਾਂ, ਉੱਥੋਂ ਪਿੱਛੇ ਦੇਖ ਕੇ ਸਾਨੂੰ ਆਪਣੀਆਂ ਬਹੁਤ ਸਾਰੀਆਂ ਗਲਤੀਆਂ ਦਾ ਅਹਿਸਾਸ ਹੁੰਦਾ ਹੈ। ਹਰੀ ਕ੍ਰਾਂਤੀ ਆਉਣ ਨਾਲ ਜਿੱਥੇ ਅਸੀਂ ਅੰਨ ਦੇ ਭੰਡਾਰ ਕਰ ਕੇ ਲੋਕਾਈ ਦਾ ਢਿੱਡ ਭਰਨ ਦੇ ਕਾਬਲ ਹੋ ਸਕੇ ਹਾਂ, ਉੱਥੇ ਹੀ ਆਪਣੀ ਧਰਤੀ ਮਾਂ ਦੀ ਸਿਹਤ ਨਾਲ ਕੀਤਾ ਖਿਲਵਾੜ ਸਾਨੂੰ ਬਹੁਤ ਮਹਿੰਗਾ ਪੈ ਰਿਹਾ ਹੈ। ਅੰਨ੍ਹੇਵਾਹ ਵਰਤੇ ਗਏ ਰਸਾਇਣਾਂ ਨੇ ਧਰਤੀ, ਹਵਾ ਤੇ ਪਾਣੀ ਨੂੰ ਮਨੁੱਖ ਦੇ ਵਰਤਣ ਲਾਇਕ ਨਹੀਂ ਛੱਡਿਆ। ਅਸੀਂ ਆਪਣੇ ਅੰਨ ਅਤੇ ਪੈਸੇ ਦੇ ਲਾਲਚ ਨੂੰ ਪੂਰਾ ਕਰਦੇ-ਕਰਦੇ ਕੁਦਰਤ ਦੇ ਦੁਸ਼ਮਣ ਬਣ ਬੈਠੇ ਹਾਂ। ਆਪਣੀਆਂ ਇਨ੍ਹਾਂ ਗਲਤੀਆਂ ਕਰਕੇ ਮਨੁੱਖ ਨੇ ਇਕ ਪਾਸੇ ਧਰਤੀ ਦਾ ਹਵਾ ਪਾਣੀ ਦੂਸ਼ਿਤ ਕਰ ਦਿੱਤਾ ਹੈ, ਦੂਜੇ ਪਾਸੇ ਕੁਦਰਤੀ ਸਮਤੋਲ 'ਚ ਵੀ ਖਲਲ ਪਾਇਆ ਹੈ। ਕੁਦਰਤ ਨੇ ਇਕ ਬਹੁਤ ਹੀ ਸੰਤੁਲਿਤ ਵਾਤਾਵਰਨ ਦੀ ਸਿਰਜਣਾ ਕੀਤੀ ਸੀ। ਇਸ ਸੰਤੁਲਣ ਦੇ ਵੱਖੋ-ਵੱਖਰੇ ਹਿੱਸਿਆਂ ਦੇ ਆਪਣੇ-ਆਪਣੇ ਕੰਮ ਮਿੱਥੇ ਹੋਏ ਸਨ। ਇਸ ਕੁਦਰਤੀ ਸਮਤੋਲ 'ਚ ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਜੀਵ ਜੰਤੂਆਂ ਅਤੇ ਪੌਦਿਆਂ ਦਾ ਇਕ ਮਿਥਿਆ ਹੋਈ ਭੂਮਿਕਾ ਸੀ। ਇਸ ਕਾਦਰ ਦੀ ਬਣਾਈ ਕੁਦਰਤ ਦਾ ਸਮਤੋਲ ਮਨੁੱਖ ਨੇ ਹਿਲਾ ਕੇ ਰੱਖ ਦਿੱਤਾ ਹੈ। ਪੌਦੇ ਅਤੇ ਖੇਤਾਂ 'ਚ ਆਉਣ ਵਾਲੇ ਜੀਵ-ਜੰਤੂਆਂ ਦਾ ਆਪਸ 'ਚ ਸਹਿ-ਵਿਕਾਸ ਕੁਦਰਤ ਨੇ ਬਣਾਇਆ ਹੈ। ਜਦੋਂ ਵੀ ਅਸੀਂ ਕੋਈ ਫਸਲ ਬੀਜਦੇ ਹਾਂ ਤਾਂ ਉਸ ਨੂੰ ਖਾਣ ਵਾਲੇ ਜੀਵ ਅਤੇ ਉਨ੍ਹਾਂ ਦੁਸ਼ਮਣ ਜੀਵਾਂ ਨੂੰ ਖਾਣ ਵਾਲੇ ਹੋਰ ਜੀਵ ਆਪਣੇ ਆਪ ਖੇਤ ਵੱਲ ਆ ਜਾਂਦੇ ਹਨ। ਇਸੇ ਕੜੀ 'ਚ ਅੱਜ ਸਾਡੇ ਖੇਤ 'ਚ ਆਉਣ ਵਾਲੇ ਕੀੜਿਆਂ ਸੰਬੰਧੀ ਚਰਚਾ ਕਰ ਰਹੇ ਹਾਂ। ਕੀੜੇ ਅਕਸਰ ਸਾਡੇ ਜ਼ਿਹਨ 'ਚ ਇਕ ਅਜਿਹੇ ਜੀਵ ਦੇ ਰੂਪ 'ਚ ਆਉਂਦੇ ਹਨ, ਜੋ ਕਿ ਖੇਤ 'ਚ ਸਾਡੀਆਂ ਫਸਲਾਂ ਨੂੰ ਖਰਾਬ ਕਰਨ ਲਈ ਆਉਂਦੇ ਹਨ। ਪਰ ਕੁਦਰਤੀ ਸਮਤੋਲ 'ਚ ਸਾਡੇ ਬਹੁਤ ਸਾਰੇ ਮਿੱਤਰ ਕੀੜੇ ਵੀ ਹਨ, ਜੋ ਕਿ ਸਾਡੇ ਲਈ ਬਹੁਤ ਲਾਭਦਾਇਕ ਹੁੰਦੇ ਹਨ। ਕੀੜੇ ਅਤੇ ਲਾਭਦਾਇਕ ? ਕੀ ਇਹ ਸੰਭਵ ਹੈ ? ਬੇਸ਼ੱਕ, ਇਹ ਸੰਭਵ ਹੈ। ਲਾਭਦਾਇਕ ਕੀੜੇ, ਜਿਨ੍ਹਾਂ ਨੂੰ ਮਿੱਤਰ ਕੀੜੇ ਵੀ ਕਿਹਾ ਜਾਂਦਾ ਹੈ, ਨੂੰ ਕੁਦਰਤੀ ਕੀਟ ਪ੍ਰਬੰਧਨ ਵਜੋਂ ਵਰਤਿਆ ਜਾਂਦਾ ਹੈ। ਇਹ ਕੀੜੇ ਕੁਦਰਤੀ ਕਿਸਾਨਾਂ ਦੇ ਸਭ ਤੋਂ ਚੰਗੇ ਮਿੱਤਰ ਅਤੇ ਕੁਦਰਤ ਦੇ ਸਭ ਤੋਂ ਵਧੀਆ ਕੀਟ ਪ੍ਰਬੰਧਕ ਹਨ। ਸਾਡੇ ਜੈਵਿਕ ਖੇਤ ਵਿਚਲੀਆਂ ਫਸਲਾਂ ਕਈ ਤਰ੍ਹਾਂ ਦੇ ਕੀੜਿਆਂ ਜਿਵੇਂ ਕਿ ਹਰੀ ਜਾਂ ਕਾਲੀ ਮੱਖੀ, ਚਿੱਟੀ ਮੱਖੀ, ਮੱਕੜੀ ਦੇਕਣ, ਥ੍ਰਿਪਸ (ਫੁੱਲਣ), ਸਕੇਲ, ਮਾਈਟਸ (ਦੇਕਣ), ਕੈਟਰਪਿਲਰ (ਟੋਕੇ), ਗੋਭੀ ਦੇ ਕੀੜੇ, ਖੀਰੇ ਦੀ ਭੂੰਡੀ ਅਤੇ ਮੋਲ ਕ੍ਰਿਕਟ (ਜ਼ਮੀਨੀ ਬੀਂਡਾ) ਆਦਿ ਦੇ ਖਤਰੇ ਅਧੀਨ ਹਨ। ਆਓ ਇਕ ਨਜ਼ਰ ਮਾਰੀਏ ਕਿ ਕੀੜੇ ਫਸਲਾਂ ਨੂੰ ਕੀ ਨੁਕਸਾਨ ਪਹੁੰਚਾ ਸਕਦੇ ਹਨ :

ਐਫੀਡਸ ਅਤੇ ਚਿੱਟੀ ਮੱਖੀਆਂ ਪੌਦਿਆਂ ਦੇ ਰਸ ਨੂੰ ਖਾਂਦੀਆਂ ਹਨ ਅਤੇ ਫਸਲਾਂ ਦਾ ਝਾੜ ਘਟਾਉਂਦੀਆਂ ਹਨ। ਮੱਕੜੀ ਦੇ ਕਣ ਆਪਣੇ ਵਿੰਨ੍ਹਣ ਵਾਲੇ ਮੂੰਹ ਦੇ ਅੰਗਾਂ ਨਾਲ ਪੌਦਿਆਂ ਦਾ ਰਸ ਚੂਸਦੇ ਹਨ। ਗੋਭੀ ਦੇ ਕੀੜੇ ਮੱਧਮ ਅਤੇ ਵੱਡੀਆਂ ਨਾੜੀਆਂ ਦੇ ਵਿਚਕਾਰ ਪੱਤੇ ਖਾ ਕੇ ਗੋਭੀ ਦੇ ਵਾਧੇ ਨੂੰ ਰੋਕਦੇ ਹਨ। ਕੈਟਰਪਿਲਰ ਪੱਤੇ, ਅਤੇ ਫਲਾਂ ਸਮੇਤ ਪੌਦਿਆਂ ਦੇ ਹੋਰ ਹਿੱਸਿਆਂ ਨੂੰ ਚਬਾਉਂਦੇ ਹਨ। ਕਿਉਕਿ ਕੁਦਰਤੀ ਖੇਤੀ 'ਚ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ, ਕੁਦਰਤੀ ਕੀਟ ਨਿਯੰਤਰਣ ਲਈ ਲਾਭਦਾਇਕ ਕੀੜੇ ਖੇਤ 'ਚ ਛੱਡੇ ਜਾਂ ਬੁਲਾਏ ਜਾਂਦੇ ਹਨ। ਇੱਥੇ ਲਾਭਦਾਇਕ ਕੀੜਿਆਂ/ਮਿੱਤਰ ਕੀੜਿਆਂ ਦੀ ਸੂਚੀ ਹੈ, ਜੋ ਸਾਡੇ ਖੇਤ ਲਈ ਚਮਤਕਾਰ ਕਰ ਸਕਦੇ ਹਨ :

**ਲੇਡੀਬੱਗ (ਲਾਲ ਭੂੰਡੀ)** : ਇਹ ਸੰਤਰੀ ਤੋਂ ਚਮਕਦਾਰ ਲਾਲ ਰੰਗ ਦੇ ਖੰਭਾਂ ਅਤੇ ਛਾਤੀ 'ਤੇ ਚਿੱਟੇ ਧੱਬੇ ਵਾਲੇ ਇੰਚ ਲੰਬੇ ਬੱਗ ਹਨ। ਉਹ ਥੋੜ੍ਹੇ ਸਮੇਂ 'ਚ 5000 ਐਫੀਡਸ ਖਾ ਸਕਦੇ ਹਨ। ਉਹ ਐਫੀਡਸ, ਮੀਲੀਬੱਗਸ, ਐਸਪੈਰਾਗਸ, ਬੀਟਲ ਲਾਰਵਾ, ਕੋਲੋਰਾਡੋ ਆਲੂ ਬੀਟਲ, ਲੇਸ ਬੱਗ, ਚਿੱਟੀ ਮੱਖੀਆਂ ਤੋਂ ਛੁਟਕਾਰਾ ਪਾਉਣ 'ਚ ਸਾਡੇ ਖੇਤ ਦੀ ਮਦਦ ਕਰਦੇ ਹਨ। ਉਨ੍ਹਾਂ ਨੂੰ ਆਪਣੇ ਕੁਦਰਤੀ ਖੇਤਾਂ 'ਚ ਲੈ ਕੇ ਆਉਣ ਲਈ, ਲੇਡੀਬੱਗਸ ਖਰੀਦੋ ਅਤੇ ਪਾਣੀ ਦੇਣ ਤੋਂ ਬਾਅਦ ਸ਼ਾਮ ਨੂੰ ਸੰਕਰਮਿਤ ਪੌਦਿਆਂ 'ਤੇ ਛੱਡੋ।

**ਡੈਮਸੇਲ ਬੱਗ** : ਇਹ ਐਂਟੀਨਾ, ਲੱਤਾਂ, ਤੰਗ ਸਿਰ, ਅਤੇ ਉੱਪਰੀਆਂ ਅੱਖਾਂ ਵਾਲੇ ਨਰਮ ਸਰੀਰ ਵਾਲੇ ਕੀੜੇ ਹਨ। ਇਹ ਸੱਚੇ ਬੱਗ ਹਨ ਅਤੇ ਕਈ ਕੀਟ ਸ਼੍ਰੇਣੀਆਂ ਨੂੰ ਭੋਜਨ ਦਿੰਦੇ ਹਨ। ਇੱਥੋਂ ਤੱਕ ਕਿ ਉਮਰ 'ਚ ਘੱਟ ਡੈਮਸੇਲ ਬੱਗ ਕੀੜੇ ਵੀ ਸ਼ਿਕਾਰੀ ਹਨ ਅਤੇ ਵੱਖ-ਵੱਖ ਕੀੜਿਆਂ ਦਾ ਸ਼ਿਕਾਰ ਕਰਦੇ ਹਨ। ਇਨ੍ਹਾਂ ਬੱਗਾਂ ਨੂੰ ਆਕਰਸ਼ਿਤ ਕਰਨ ਲਈ ਮੁੱਖ ਫਸਲਾਂ ਦੇ ਨੇੜੇ ਢੱਕਣ ਵਾਲੀਆਂ ਫਸਲਾਂ ਜਿਵੇਂ ਕਿ ਡਿਲ, ਲੈਵੈਂਡਰ, ਫੈਨਿਲ, ਸਿਲੈਂਟਰੋ, ਜਾਂ ਕੈਮੋਮਾਈਲ ਫੁੱਲਾਂ ਵਾਲੇ ਪੌਦੇ ਲਗਾਓ।

**ਚੇਲੋਨਸ ਬਲੈਕਬਰਨੀ (ਕੈਮਰਨ) ਭਰਿੰਡ** : ਇਹ ਇਕ ਭਰਿੰਡ ਹੈ, ਜੋ ਦੂਜੇ ਕੀੜਿਆਂ ਦੀਆਂ ਸੁੰਡੀਆਂ ਨੂੰ ਖਾਂਦਾ ਹੈ। ਇਹ ਸਭ ਤੋਂ ਵਧੀਆ ਕੁਦਰਤੀ ਪੈਸਟ ਕੰਟਰੋਲ ਵਜੋਂ ਵਰਤਿਆ ਜਾਂਦਾ ਹੈ। ਕੁਦਰਤੀ ਖੇਤੀ 'ਚ ਕੀੜਿਆਂ ਦੀ ਸਮੱਸਿਆ ਨੂੰ ਕਾਬੂ ਕਰਨ ਲਈ, ਚੇਲੋਨਸ ਬਲੈਕਬਰਨੀ 15000 ਤੋਂ 20000 ਪ੍ਰਤੀ ਹੈਕਟੇਅਰ ਬੀਜ ਬੀਜਣ ਤੋਂ 15 ਤੋਂ 30 ਦਿਨਾਂ ਬਾਅਦ ਛੱਡੋ।

**ਟੈਚਿਨਿਡ ਮੱਖੀਆਂ** : ਇਹ ਮੱਖੀਆਂ 1/3 ਤੋਂ 3/4 ਇੰਚ ਸਰੀਰ ਦੀ ਲੰਬਾਈ ਵਾਲੇ ਪਰਜੀਵੀ ਹਨ। ਇਹ ਛੋਟੀਆਂ ਘਰੇਲੂ ਮੱਖੀਆਂ ਵਰਗੀਆਂ ਹੁੰਦੀਆਂ ਹਨ। ਇਹ ਮੇਜ਼ਬਾਨ ਕੀੜਿਆਂ ਦੇ ਸਰੀਰ 'ਤੇ ਅੰਡੇ ਦਿੰਦੇ ਹਨ। ਸੁੰਡੀ ਮੇਜ਼ਬਾਨ ਦੇ ਸਰੀਰ ਦੇ ਅੰਗਾਂ 'ਚੋਂ ਨਿਕਲਦੀ ਹੈ ਅਤੇ ਉਸ ਨੂੰ ਖਾ ਜਾਂਦੀ ਹੈ। ਉਹ ਗੋਭੀ ਦੇ ਕੀੜੇ, ਕੋਲੋਰਾਡੋ ਆਲੂ ਬੀਟਲ, ਈਅਰਵਿਗ, ਸਕੁਐਸ਼ ਕੀੜੇ, ਤੰਬਾਕੂ ਦੇ ਕੀੜੇ ਨੂੰ ਕੰਟਰੋਲ ਕਰ ਸਕਦੇ ਹਨ। ਇਨ੍ਹਾਂ ਬੱਗਾਂ ਨੂੰ ਆਕਰਸ਼ਿਤ ਕਰਨ ਲਈ, ਮੁੱਖ ਫਸਲ ਦੇ ਕਿਨਾਰਿਆਂ 'ਤੇ ਐਸਟਰ ਪਰਿਵਾਰ ਅਤੇ ਡਿਲ ਪਰਿਵਾਰ ਦੀਆਂ ਫੁਲਦਾਰ ਜੜ੍ਹੀਆਂ ਬੂਟੀਆਂ ਲਗਾਓ।

**ਪਰਜੀਵੀ ਭਰਿੰਡ** : ਇਹ ਲਾਹੇਵੰਦ ਕੀੜੇ ਬਾਗ ਦੇ ਕਈ ਤਰ੍ਹਾਂ ਦੇ ਕੀੜਿਆਂ ਨੂੰ ਅਧਰੰਗ ਕਰ ਸਕਦੇ ਹਨ। ਇਹ 1/32 ਤੋਂ 1/2 ਇੰਚ ਦੀ ਲੰਬਾਈ ਵਾਲੇ ਨਾ ਕੱਟਣ ਵਾਲੇ ਪਰਜੀਵੀ ਹਨ। ਉਹ ਐਫੀਡਜ਼, ਕੀੜਾ ਕੈਟਰਪਿਲਟ, ਆਰਾ ਫਲਾਈ ਲਾਰਵਾ, ਚਿੱਟੀ ਮੱਖੀ ਅਤੇ ਟਮਾਟਰ ਦੇ ਸਿੰਗਾਂ ਦੇ ਕੀੜਿਆਂ ਨੂੰ ਨਿਯੰਤਰਿਤ ਕਰਦੇ ਹਨ। ਇਨ੍ਹਾਂ ਨੂੰ ਆਕਰਸ਼ਿਤ ਕਰਨ ਲਈ, ਵੱਖ-ਵੱਖ ਕਿਸਮਾਂ ਦੇ ਫੁੱਲਦਾਰ ਪੌਦੇ ਲਗਾਓ ਜਿਵੇਂ ਕਿ ਐਲਿਅਮ, ਯਾਰੋ, ਜਿੰਨੀਆ, ਥਾਈਮ, ਲੈਮਨ ਬਾਮ, ਕੋਸਮੋਸ।

**ਟ੍ਰਾਈਕੋਗਰਾਮਾ ਭਰਿੰਡ** : ਇਹ ਕੀੜੇ ਕੁਦਰਤੀ ਖੇਤਾਂ 'ਚ ਕੀੜੇ ਅਤੇ ਕੈਟਰਪਿਲਰ ਨੂੰ ਕੰਟਰੋਲ ਕਰਨ ਲਈ ਵਰਤੇ ਜਾਂਦੇ ਹਨ। ਉਹ ਪਤੰਗੇ ਦੇ ਅੰਡਿਆਂ 'ਚ ਅੰਡੇ ਦਿੰਦੇ ਹਨ ਅਤੇ ਉਨ੍ਹਾਂ ਨੂੰ ਪਤੰਗੇ ਬਣਨ ਤੋਂ ਰੋਕਦੇ ਹਨ। ਇਹ ਗੰਨੇ ਦੇ ਬੋਰਰ, ਕੋਨ ਬੋਰਰ, ਟਮਾਟਰ ਦੇ ਸਿੰਗ ਕੀੜੇ, ਗੋਭੀ ਦੇ ਕੀੜੇ, ਫਲਾਂ ਦੇ ਕੀੜੇ, ਗੋਭੀ ਲੂਪਰਸ ਨੂੰ ਨਿਯੰਤਰਣ ਕਰ ਸਕਦੇ ਹਨ। ਕੁਦਰਤੀ ਖੇਤਾਂ 'ਚ ਕੁਦਰਤੀ ਕੀਟ ਪ੍ਰਬੰਧਨ ਦੇ ਤੌਰ 'ਤੇ, ਬੀਜ ਬੀਜਣ ਤੋਂ 15 ਤੋਂ 30 ਦਿਨਾਂ ਬਾਅਦ ਪ੍ਰਤੀ ਹੈਕਟੇਅਰ ਟ੍ਰਾਈਕੋਗ੍ਰਾਮਾ ਵੇਸਪ ਦੇ ਲਗਭਗ 40000 ਤੋਂ 50000 ਅੰਡੇ ਛੱਡੇ ਜਾਂਦੇ ਹਨ।

ਇਨ੍ਹਾਂ ਲਾਹੇਵੰਦ ਕੀੜਿਆਂ ਦੇ ਨਾਲ-ਨਾਲ ਹਰੇ ਰੰਗ ਦੇ ਲੇਸਵਿੰਗਜ਼, ਈਅਰਵਿਗਜ਼, ਡਰੈਗਨ ਫਲਾਈਜ਼, ਮਿੰਟ ਪਾਈਰੇਟ ਬੱਗ ਵੀ ਕੁਦਰਤੀ ਖੇਤੀ 'ਚ ਸਾਡੇ ਮਿੱਤਰ ਕੀੜੇ ਹਨ। ਜੇਕਰ ਤੁਸੀਂ ਇਕ ਕੁਦਰਤੀ ਖੇਤੀ ਦੇ ਮਾਲਕ ਹੋ, ਤਾਂ ਇਕ ਏਕੀਕ੍ਰਿਤ ਕੀਟ ਪ੍ਰਬੰਧਨ (IPM) ਪ੍ਰੋਗਰਾਮ 'ਚ ਜ਼ਿਕਰ ਕੀਤੇ ਮਿੱਤਰ ਕੀੜਿਆਂ ਨੂੰ ਸ਼ਾਮਿਲ ਕਰਕੇ ਤੁਸੀਂ ਆਪਣੇ ਖੇਤ ਨੂੰ ਜਿੱਥੇ ਹਾਨੀਕਾਰਕ ਕੀੜਿਆਂ ਤੋਂ ਬਚਾ ਸਕਦੇ ਹੋ, ਉੱਥੇ ਹੀ ਕੁਦਰਤੀ ਸਮਤੋਲ ਨੂੰ ਬਰਕਰਾਰ ਰੱਖਦੇ ਹੋਏ ਜੈਵ ਵਿਭਿੰਨਤਾ ਨੂੰ ਵੀ ਬਚਾ ਸਕਦੇ ਹੋ। ਜੇਕਰ ਅੱਜ ਅਸੀਂ ਕੁਦਰਤ ਨੂੰ ਉਸ ਦੇ ਅਸਲੀ ਰੂਪ 'ਚ ਲਿਆਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਨਿਸ਼ਚਿਤ ਹੀ ਬਦਲੇ 'ਚ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਵਧੀਆ ਤੇ ਰਹਿਣ ਯੋਗ ਧਰਤੀ ਛੱਡ ਕੇ ਜਾਵਾਂਗੇ।

# ਫੁੱਫੜ ਦੇ ਰਿਸ਼ਤੇ ਦੀ ਸਮਾਜ ਵਿਚ ਅੱਜ ਕੀ ਮਹੱਤਤਾ ਹੈ


ਜੇ ਅੱਜ ਗਹੁ ਨਾਲ ਵਾਚਿਆ ਜਾਵੇ ਤਾਂ ਵਕਤ ਤੇ ਵੱਖਤ ਵਿਚ ਜ਼ਿਆਦਾ ਅੰਤਰ ਨਹੀਂ ਰਹਿ ਗਿਆ ਪਰ ਵੱਖਤ ਪੈਣ ਤੇ ਵਕਤ ਬੁਰਾ ਦੌਰ ਚ ਪੈ ਜਾਂਦਾ ਹੈ। ਵੇਲੇ ਦਾ ਆਪਣਾ ਮਜ਼ਾਜ਼ ਹੈ। ਵੇਲੇ ਮੁਤਾਬਿਕ ਅੱਜ ਸਮਾਜ ਵਿਚ ਬਹੁਤ ਤਬਦੀਲੀਆਂ ਆ ਗਈਆਂ ਹਨ ਤੇ ਆਉਣੀਆਂ ਦੀ ਸੁਭਾਵਿਕ ਹਨ। ਰਿਸ਼ਤੇਦਾਰੀ, ਭਾਈਚਾਰਕ, ਸਾਂਝਾ ਮੇਲ ਜੋਲ ਵਿਚ ਦੱਸਣਯੋਗ ਤਬਦੀਲੀਆਂ ਆਮ ਹਨ। ਸਾਂਝਾ, ਮਾਂਝਾ ਸਭ ਮਤਲਬ ਤਾਂ ਸੀਮਤ ਹੋ ਕੇ ਰਹਿ ਗਈਆਂ ਵਿਅਕਤੀ ਨੇ ਪੈਸੇ ਨੂੰ ਰਿਸ਼ਤੇਦਾਰ ਬਣਾ ਲਿਆ ਹੈ। ਕੋਈ ਵੀ ਪੈਸੇ ਦੇ ਮਗਰ ਦੌੜਿਆ ਫਿਰ ਰਿਹਾ ਨਜ਼ਰ ਆ ਰਿਹਾ ਹੈ। ਕਿਸੇ ਨੂੰ ਕਿਸੇ ਕੋਲ ਬੈਠਣ ਦਾ ਸਮਾਂ, ਦੁੱਖ ਸਾਂਝਾ ਕਰਨ ਆਪਸੀ ਮੁਲਾਕਾਰ ਕਰਨੀ ਦਾ ਵਕਤ ਇਕ ਵੱਖਤ ਬਣ ਕੇ ਪੰਛੀਆਂ ਦੀ ਤਰ੍ਹਾਂ ਉੱਡ ਗਿਆ ਹੈ।

ਪੁਰਾਤਨ ਸਮੇਂ ਵਿਚ ਰਿਸ਼ਤੇ, ਸਾਂਝਾਂ ਆਪਸੀ ਸਬੰਧ ਪੱਕੇ ਵਿਸ਼ਵਾਸ ਦੇ ਧਾਗੇ ਵਿਚ ਬੱਝੇ ਸਨ। ਹਰ ਇਕ ਸਾਕ ਸਬੰਧੀ ਅਹਿਮ ਰੂਪ ਵਿਚ ਵੇਖਿਆ ਜਾਂਦਾ ਸੀ। ਹਰ ਰਿਸ਼ਤੇ ਨੂੰ ਵੱਧ ਤੋਂ ਵੱਧ ਪਹਿਲ ਦਿੱਤੀ ਜਾਂਦੀ ਸੀ। ਰਿਸ਼ਤੇ ਮਨੁੱਖੀ ਜੀਵਨ ਦੀ ਜਿੰਦਜਾਨ ਹੁੰਦੇ ਹਨ। ਭੂਆ-ਫੁੱਫੜ, ਮਾਸੀ-ਮਾਸੜ, ਮਾਮਾ- ਮਾਮੀ, ਚਾਚਾ-ਚਾਚੀ, ਤਾਇਆ-ਤਾਈ, ਨਾਨਾ-ਨਾਨੀ, ਬੇਬੇ-ਬਾਪੂ, ਦਾਦਾ-ਦਾਦੀ, ਬਾਈ ਭੈਣ, ਭਾਈ, ਵੀਰ, ਕੁੜਮ-ਕੁੜਮਣੀ, ਸੱਸ-ਸਹੁਰਾ, ਦਿਉਰ ਭਾਬੀ, ਜੇਠ-ਜੇਠਾਣੀ, ਆਦਿ ਸਭ ਜੀਵਨ ਦਾ ਪਿਆਰਾ ਹਿੱਸਾ ਹੁੰਦੇ ਸਨ। ਆਪਸੀ ਪਿਆਰ ਸਬਰ ਸੰਤੋਖ, ਸਹਿਣਸ਼ੀਲਤਾ ਹਮਦਰਦੀ, ਸਹਿਜਤਾ, ਰਿਸ਼ਤਿਆਂ ਦੀ ਊਰਜਾ ਦਾ ਸਰੋਤ ਹਨ। ਖੂਨ ਤੇ ਸਮਾਜਿਕ ਰਿਸ਼ਤੇ ਤਿੜਕ ਰਹੇ ਹਨ। ਰਿਸ਼ਤਿਆਂ 'ਚ ਵੱਧ ਰਹੀ ਦੂਰੀ ਸਾਡੀ ਲਾਲਚੀ ਬਿਰਤੀ ਦੀ ਗਵਾਹੀ ਹੈ। ਸਾਨੂੰ ਆਪਣੀ ਅੰਦਰਲੀ ਮਾਨਸਿਕਤਾ ਨੂੰ ਸਮਝਾਉਣ ਦੀ ਜ਼ਰੂਰਤ ਹੈ। ਭੂਆ-ਫੁੱਫੜ, ਮਾਸੀ-ਮਾਸੜ, ਮਾਮਾ-ਮਾਮੀ, ਨਾਨਾ-ਨਾਨੀ, ਦਾਦਾ-ਦਾਦੀ ਆਦਿ ਰਿਸ਼ਤਿਆਂ ਵਿਚ ਪਹਿਲਾ ਨੰਬਰ ਆਉਂਦਾ ਹੈ। ਅਜੋਕੇ ਸਮੇਂ ਵਿਚ ਸਹੁਰਿਆਂ ਦੀ ਰਿਸ਼ਤੇਦਾਰੀ ਪਹਿਲੇ ਪਾਲੇ ਵਿਚ ਰੱਖੀ ਜਾਂਦੀ ਹੈ। ਉਧਰੋਂ ਧੀਆਂ ਦੇ ਸਹੁਰਿਆਂ ਨੂੰ ਅਹਿਮ ਦਰਜੇ 'ਚ ਰੱਖਿਆ ਜਾਂਦਾ ਹੈ। ਵਿਅਕਤੀ ਆਪਣੀ ਧੀ ਨੂੰ ਮੋਹਰਲੀ ਕਤਾਰ ਵਿਚ ਵੇਖਕੇ ਖੁਸ਼ ਹੁੰਦਾ ਹੈ ਤੇ ਭੈਣ ਦੂਸਰੀ ਕਤਾਰ ਦਰਜ ਕੀਤੀ ਜਾਂਦੀ ਹੈ ਤੇ ਭੂਆ ਨੂੰ ਤੀਜੇ ਸਥਾਨ ਤੇ ਲਾਇਆ ਜਾਂਦਾ ਹੈ। ਇਹ ਸੱਚ ਹੈ ਕਿ ਧੀ ਭੈਣ ਅਤੇ ਭੂਆ ਦੀ ਜਨਮ ਭੂਮੀ ਇਕ ਘਰ ਹੁੰਦਾ ਹੈ। ਹਰ ਵਿਅਕਤੀ ਆਪਣੀ ਧੀ ਆਪਣੀ ਭੈਣ ਆਪਣੀ (ਭੂਆ) ਬਾਪ ਦੀ ਭੈਣ ਨੂੰ ਕੀ ਰਿਸ਼ਤਾ ਸਭ ਕੁਝ ਜਾਣਦਾ ਹੈ। ਇਸੇ ਇਕ ਤਿੰਨੋ ਜੰਮੀਆਂ, ਪਾਲੀਆਂ ਸਖਤ ਕੰਮ ਕੀਤੇ ਆਪਣੇ ਬਾਪ ਨਾਲ ਦਿਲ ਲਾ ਕੇ ਸਖਤ ਮੇਹਨਤ ਆਪਣਾ ਘਰ ਜਾਣਕੇ ਕੀਤੀ ਪਰ ਉਹਨਾਂ ਤਿੰਨਾਂ ਵੱਖ-ਵੱਖ ਦਰਜੇ ਕਿਉਂ ਮਿਲੇ ਜਰਾ ਸੋਚੋ ਪਰ ਅੱਜ ਵਿਅਕਤੀ ਨੂੰ ਅਜੋਕੇ ਸਮੇਂ ਨਿਰਾਸ਼ਵਾਦੀ ਸੋਚ ਵਿਚ ਖੁਸ਼ੀਆਂ ਚੋਂ ਤਲਾਸ਼ ਕਰਦਾ ਹੈ। ਪਰ ਉਸਨੇ ਰਿਸ਼ਤੇਦਾਰੀਆਂ ਦਰਜੇ ਬੰਦ ਕਰ ਡੱਬਿਆਂ ਚ ਬੰਦ ਕੀਤੀਆਂ ਹਨ ਜਵਾਈ, ਭਣੋਈਆਂ (ਫੁੱਫੜ) ਇਕੋ ਘਰ 'ਚ ਵਿਆਹੇ ਹੁੰਦੇ ਸਨ ਇਕੋ ਘਰ ਜੰਝ ਲੈ ਕੇ ਆਏ ਹੁੰਦੇ ਹਨ ਪਰ ਇਹ ਰਿਸ਼ਤੇ ਦਰਜੇਬੰਦੀ ਕਿਉਂ ਗਈ ਹੈ। ਜਿਵੇਂ ਕਿਸੇ ਨੇ ਕਿਹਾ ਸੀ, ਫੇਫੜਿਆਂ ਦਾ ਮਾਸ ਸਭ ਤੋਂ ਬੁਰਾ ਹੁੰਦਾ ਹੈ ਤੇ ਫੁੱਫੜ ਦਾ ਰਿਸ਼ਤਾ ਜਦੋਂ ਵਿਅਕਤੀ ਫੁੱਫੜ ਦੀ ਹਾਲਤ ਵਿਚ ਆ ਜਾਂਦਾ ਹੈ। ਤਾਂ ਉਸਦੀ ਇੱਜ਼ਤ ਸਤਿਕਾਰ ਤੇ ਕਦਰ ਵਿਚ ਅੰਤਰ ਆ ਜਾਂਦਾ ਹੈ, ਇਸਤਰ੍ਹਾਂ ਇਹ ਰਿਸ਼ਤਾ ਇਤਨਾ ਜ਼ਰੂਰਤ ਵਾਲਾ ਨਹੀਂ ਰਿਹਾ ਹੈ। ਜਿਵੇਂ ਕਿਸੇ ਨੇ ਕਿਹਾ ਸੀ ਖੂਹ ਵਗਦਿਆਂ ਤੇ ਸਾਮ ਵਰਤਿਆਂ ਦੇ। ਖੂਹ ਵੀ ਵਕਤ ਦੀ ਧੂੜ ਵਿਚ ਗੁੰਮ ਹੋ ਗਏ, ਇਸੇਤਰ੍ਹਾਂ ਇਹ ਰਿਸ਼ਤਾ ਵੀ ਗੁੰਮ ਹੋ ਗਿਆ। ਇਸ ਤਰ੍ਹਾਂ ਭੂਆ-ਫੁੱਫੜ ਦਾ ਰਿਸ਼ਤਾ ਅੱਜ ਜ਼ਿੰਦਗੀ ਵਿਚ ਹੁਸੀਨ ਪਲ ਲਿਆਉਣ ਵਾਲਾ ਦੂਰੀ ਦੇ ਕੰਡਿਆਂ ਦੀ ਵਾੜ ਵਿਚ ਫਸਕੇ ਲੀਰੋ ਲੀਰ ਹੋਇਆ ਜਾਪਦਾ ਹੈ ਅਤੇ ਆਪਣੇ ਅਤੀਤ ਨੂੰ ਯਾਦ ਕਰਕੇ ਘੂਰ ਰਿਹਾ ਹੈ। ਇਹ ਵੀ ਕਿਸੇ ਸਿਆਣੀ ਕਹਾਵਤ ਦਾ ਸੰਗਠਨ ਕੀਤਾ ਹੈ ਕਿ ਧੀ ਜੰਮੀ, ਭੈਣ ਵਿਸਰੀ, ਭੂਆ ਕਿਦੇ ਯਾਦ, ਪਰ ਦੋਸਤੋ ਮੈਂ ਤਾਂ ਇਹ ਹੀ ਸੁਝਾਅ ਦੇਂਦਾ ਹਾਂ ਕਿ ਇਹਨਾਂ ਰਿਸ਼ਤਿਆਂ ਨੂੰ ਫਿੱਕਾ ਨਾ ਪੈਣ ਦਿਓ ਇਹ ਰਿਸ਼ਤੇ ਨਵੇਂ ਲੈਣ ਦੇਣ ਨਾਲ ਪਾਏ ਰਿਸ਼ਤਿਆਂ ਤੋਂ ਕਿਤੇ ਪਿਆਰ ਸੰਤੋਖ ਭਰੇ ਖੁਸ਼ਬੂ ਦੇਂਦੇ ਹਨ ਅਤੇ ਚਾਰ ਚੁਫੇਰੇ ਮਹਿਕਾਂ ਫੈਲਦੀਆਂ ਹਨ। 'ਜ਼ਰਾ ਸੋਚਿਓ' !

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਜ਼ਿਲਾ ਫਿਰੋਜ਼ਪੁਰ**
ਮੋ: 78144-90249

# ਕਿਸਾਨ ਸੰਘਰਸ਼ ਦੇ ਰਾਹ ਤੇ ਕਿਉਂ ?





ਭਗਵਾਨ ਦਾਸ

ਕਿਸਾਨ ਦੁਖੀ ਹਨ ਕਿਉਂਕਿ ਪੰਜਾਬ ਦੀ ਖੇਤੀ ਗੰਭੀਰ ਸੰਕਟ 'ਚ ਹੈ। ਇਸੇ ਲਈ ਉਹ ਪ੍ਰੋਟੈਸਟ ਕਰ ਰਹੇ ਹਨ ਅਤੇ ਧਰਣੇ ਲਾ ਕੇ ਟ੍ਰੈਫਿਕ ਤੇ ਰੇਲਾਂ ਆਦਿ ਰੋਕ ਰਹੇ ਹਨ। ਪੰਜਾਬ 'ਚ ਝੋਨਾ, ਕਣਕ ਦਾ ਫ਼ਸਲੀ - ਚੱਕਰ ਪ੍ਰਧਾਨ ਹੈ। ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਥੱਲੇ ਜਾ ਰਿਹਾ ਹੈ। ਬਹੁਤੇ ਬਲਾਕਾਂ 'ਚ ਤਾਂ ਨਵੇਂ ਟਿਊਬਵੈੱਲ ਲਗਾਉਣ ਦਾ ਕੋਈ ਸਕੋਪ ਨਹੀਂ ਰਿਹਾ। ਮੌਜੂਦਾ ਟਿਊਬਵੈੱਲ ਕਿਸਾਨਾਂ ਨੂੰ ਸਮੇਂ ਸਮੇਂ ਤੇ ਹੋਰ ਡੂੰਘੇ ਕਰਨੇ ਪੈ ਰਹੇ ਹਨ। ਜਿਸ ਨਾਲ ਉਹਨਾਂ ਦਾ ਖਰਚਾ ਵਧ ਰਿਹਾ ਹੈ। ਜ਼ਮੀਨ ਦੀ ਉਤਪਾਦਨ ਸ਼ਕਤੀ ਘਟ ਰਹੀ ਹੈ। ਜ਼ਮੀਨ ਨੂੰ ਹਰ ਸਾਲ ਵਧੇਰੇ ਨਾਈਟਰੋਜਨ ਦੀ ਲੋੜ ਪੈ ਰਹੀ ਹੈ। ਪਿਛਲੇ 20 ਸਾਲ ਤੋਂ ਵੱਧ ਦੇ ਅਰਸੇ ਤੋਂ ਉਪਰਾਲੇ ਕੀਤੇ ਜਾ ਰਹੇ ਹਨ ਕਿ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟੇ। ਪਰ ਇਸ ਵਿੱਚ ਕੋਈ ਸਫ਼ਲਤਾ ਨਹੀਂ ਮਿਲ ਰਹੀ। ਮਾਹਰਾਂ ਅਨੁਸਾਰ ਘੱਟੋ ਘੱਟ 10 ਲੱਖ ਹੈਕਟੇਅਰ ਰਕਬਾ ਝੋਨੇ ਦੀ ਕਾਸ਼ਤ ਥਲਿਉਂ ਘਟਣਾ ਲੋੜੀਂਦਾ ਹੈ। ਕਿਸਾਨ ਖੁਦ ਵੀ ਸੋਚ ਰਹੇ ਹਨ ਕਿ ਪਾਣੀ ਨੂੰ ਬਚਾਉਣਾ ਤੇ ਇਸ ਦੀ ਖਪਤ ਘਟਾਉਣਾ ਬਹੁਤ ਜ਼ਰੂਰੀ ਹੈ। ਝੋਨੇ ਦੀ ਕਾਸ਼ਤ ਹਰ ਸਾਲ ਵਧਦੇ ਵਧਦੇ 31 ਲੱਖ ਹੈਕਟੇਅਰ ਨੂੰ ਛੂਹ ਗਈ ਹੈ। ਸਬਜ਼ ਇਨਕਲਾਬ ਤੋਂ ਪਹਿਲਾਂ ਸੰ: 1960 61 ਵਿੱਚ ਝੋਨੇ ਦੀ ਕਾਸ਼ਤ 2.27 ਲੱਖ ਹੈਕਟੇਅਰ ਰਕਬੇ ਤੇ ਹੁੰਦੀ ਸੀ। ਖੇਤਾਂ ਨੂੰ ਲੇਜ਼ਰ ਕਰਾਹੇ ਨਾਲ ਪੱਧਰ ਕਰਵਾਇਆਂ ਕੁੱਝ ਪਾਣੀ ਦੀ ਖਪਤ ਘਟ ਜਾਂਦੀ ਹੈ। ਕਿਉਂਕਿ ਵੱਟਾਂ ਖਤਮ ਹੋ ਜਾਂਦੀਆਂ ਹਨ ਅਤੇ ਬਿਜਾਈ ਵਾਲੇ ਰਕਬੇ ਵਿੱਚ ਵਾਧਾ ਹੁੰਦਾ ਹੈ, ਇਸ ਲਈ ਕੁੱਝ ਹੱਦ ਤੱਕ ਝਾੜ ਵੀ ਵਧ ਜਾਂਦਾ ਹੈ। ਲੇਜ਼ਰ ਕਰਾਹਾ ਬੜਾ ਮਹਿੰਗਾ ਪੈਂਦਾ ਹੈ। ਇਸ ਦੀ ਵਰਤੋਂ ਹਰ ਕਿਸਾਨ ਨਹੀਂ ਕਰ ਰਿਹਾ। ਕਿਸਾਨ ਫ਼ਸਲੀ ਵਿਭਿੰਨਤਾ ਲਿਆਉਣ ਸੰਬੰਧੀ ਸੋਚਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਝੋਨਾ ਪੈਦਾ ਕਰਨ ਲਈ ਬੇਤਹਾਸ਼ਾ ਪਾਣੀ ਲੋੜੀਂਦਾ ਹੈ ਜੋ ਝੋਨੇ ਦੇ ਸੀਜ਼ਨ 'ਚ ਟਿਊਬਵੈੱਲਾਂ ਲਈ 8 ਘੰਟੇ ਬਿਜਲੀ ਦਿੱਤੀ ਜਾ ਰਹੀ ਹੈ ਉਸ ਨਾਲ ਮਤਵਾਤਰ ਟਿਊਬਵੈੱਲ ਚੱਲਣ ਤਾਂ ਵੀ ਹੋਰ ਫਾਲਤੂ ਪਾਣੀ ਦੀ ਲੋੜ ਪੈਂਦੀ ਹੈ। ਜਿਸ ਲਈ ਕਿਸਾਨਾਂ ਨੂੰ ਡੀਜ਼ਲ ਫੂਕਣਾ ਪੈਂਦਾ ਅਤੇ ਜੈਨਰੇਟਰ ਚਲਾਉਣੇ ਪੈਂਦੇ ਹਨ। ਭਾਵੇਂ ਝੋਨੇ ਦੀ ਕਿਸਾਨਾਂ ਨੂੰ ਸੰ: 2023 - 24 ਦੌਰਾਨ 2203 ਰੁਪਏ ਪ੍ਰਤੀ ਕੁਇੰਟਲ ਐਮ ਐਸ ਪੀ ਮਿਲੀ ਜੋ ਭਾਵੇਂ ਏ 2 + ਐਫ ਐਲ ਫਾਰਮੂਲੇ ਨਾਲ ਕੱਢੀ ਗਈ ਕੀਮਤ ਤੋਂ ਵੱਧ ਸੀ ਪਰ ਖੇਤੀ ਦੇ ਖਰਚਿਆਂ ਨੂੰ ਦੇਖਦੇ ਹੋਏ ਕਿਸਾਨ ਇਸ ਨਾਲ ਸੰਤੁਸ਼ਟ ਨਹੀਂ। ਉਂਝ ਪੰਜਾਬ ਨੇ 2023 -24 ਦੌਰਾਨ ਕੇਂਦਰੀ ਚੌਲ ਭੰਡਾਰ 'ਚ 41 ਪ੍ਰਤੀਸ਼ਤ 124 ਲੱਖ ਟਨ ਦਾ ਯੋਗਦਾਨ ਦਿੱਤਾ ਹੈ। ਕੁੱਲ ਸਰਕਾਰੀ ਖਰੀਦ ਦਸੰਬਰ 2023 ਤੱਕ 299 ਲੱਖ ਟਨ ਦੀ ਸੀ।

ਕਣਕ 'ਚ ਵੀ ਪੰਜਾਬ ਮੁਲਕ 'ਚ ਕੁੱਲ ਕਣਕ ਉਤਪਾਦਨ ਦਾ 15 ਪ੍ਰਤੀਸ਼ਤ ਤੱਕ ਪੈਦਾ ਕਰਦਾ ਹੈ। ਜੋ ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਨੂੰ ਛੱਡ ਕੇ ਤੀਜੇ ਨੰਬਰ ਤੇ ਆਉਂਦਾ ਹੈ। ਉੱਤਰ ਪ੍ਰਦੇਸ਼ 32 ਪ੍ਰਤੀਸ਼ਤ ਅਤੇ ਮੱਧ ਪ੍ਰਦੇਸ਼ 18 ਪ੍ਰਤੀਸ਼ਤ ਤੱਕ ਕਣਕ ਪੈਦਾ ਕਰਦੇ ਹਨ। ਕੁਝ ਸਾਲ ਪਹਿਲਾਂ ਪੰਜਾਬ ਦਾ ਕਣਕ ਉਤਪਾਦਨ 'ਚ ਪਹਿਲਾ ਦਰਜਾ ਹੁੰਦਾ ਸੀ। ਪੰਜਾਬ ਦਾ ਯੋਗਦਾਨ ਕੇਂਦਰ ਕਣਕ ਭੰਡਾਰ 'ਚ ਸੰ: 2023 -24 'ਚ 121 ਲੱਖ ਟਨ ਸੀ। ਭਾਵੇਂ ਪਹਿਲੇ ਸਾਲਾਂ ਵਿੱਚ ਪੰਜਾਬ ਇਸ ਨਾਲੋਂ ਵੀ ਵੱਧ ਯੋਗਦਾਨ ਪਾਉਂਦਾ ਰਿਹਾ ਹੈ। ਸੰ: 2020-21 ਵਿੱਚ ਜਦੋਂ ਮਾਰਚ ਵਿੱਚ ਸ਼ਦੀਦ ਗਰਮੀ ਪੈਣ ਕਾਰਨ ਉਤਪਾਦਨ ਘੱਟ ਗਿਆ ਸੀ, ਪੰਜਾਬ ਨੇ ਕੇਂਦਰੀ ਪੂਲ 'ਚ 31 ਪ੍ਰਤੀਸ਼ਤ ਯੋਗਦਾਨ ਪਾਇਆ ਸੀ। ਕਣਕ ਦੀ ਕਾਸ਼ਤ ਥੱਲੇ ਪੰਜਾਬ 'ਚ 35 ਲੱਖ ਹੈਕਟੇਅਰ ਦੇ ਆਲੇ ਦੁਆਲੇ ਰਕਬਾ ਘੁੰਮਦਾ ਰਿਹਾ ਹੈ। ਜਦੋਂ ਕਿ ਝੋਨੇ ਥੱਲੇ ਬਾਸਮਤੀ ਨੂੰ ਮਿਲਾ ਕੇ 31 ਲੱਖ ਹੈਕਟੇਅਰ ਤੱਕ ਰਕਬਾ ਪਿਛਲੇ ਸਾਲਾਂ ਦੌਰਾਨ ਰਿਹਾ ਹੈ। ਭਾਵੇਂ ਹਾੜ੍ਹੀ ਦੇ ਸੀਜ਼ਨ 'ਚ ਕਣਕ ਦੀ ਕਾਸ਼ਤ ਥੱਲਿਉਂ ਰਕਬਾ ਘਟਾ ਕੇ ਵਿਭਿੰਨਤਾ ਲਿਆਉਣ ਦੀ ਲੋੜ ਨਹੀਂ ਕਿਉਂਕਿ ਮੁਲਕ ਅਤੇ ਵਿਸ਼ਵ 'ਚ ਕਣਕ ਦੀ ਮੰਗ ਵਧੇਰੇ ਹੈ। ਕਿਸਾਨ ਤਾਂ ਕਣਕ ਤੇ ਝੋਨੇ ਦੋਵੇਂ ਫ਼ਸਲਾਂ ਥੱਲੇ ਰਕਬਾ ਘਟਾਉਣ ਲਈ ਤਿਆਰ ਹੋਣਗੇ ਜੇ ਇਹਨਾਂ ਦੇ ਲਾਹੇਵੰਦ ਬਦਲ ਉਹਨਾਂ ਨੂੰ ਉਪਲੱਬਧ ਹੋਣ। ਕਣਕ ਵਧੇਰੇ ਲਾਗਤ ਵਾਲੀ ਫ਼ਸਲ ਹੋਣ ਕਾਰਨ ਕਿਸਾਨ ਇਸ ਦਾ ਵਧੇਰੇ ਲਾਹੇਵੰਦ ਬਦਲ ਤੱਕਦੇ ਹਨ ਅਤੇ ਝੋਨੇ ਦੇ ਬਦਲ ਉਹ ਚਾਹੁੰਦੇ ਹਨ ਇਸ ਫ਼ਸਲ ਦੀ ਪਾਣੀ ਦੀ ਜ਼ਿਆਦਾ ਲੋੜ ਹੋਣ ਕਾਰਨ। ਹਾੜ੍ਹੀ ਦੇ ਮੌਸਮ 'ਚ ਕਣਕ ਦੇ ਲਾਹੇਵੰਦ ਬਦਲ ਲੱਭਣ ਲਈ ਖੋਜ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ। ਝੋਨੇ ਦੀ ਕਾਸ਼ਤ ਘਟਾਉਣ ਲਈ ਪੰਜਾਬ ਖੇਤੀ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਕਹਿੰਦੇ ਹਨ ਕਿ ਜੇ ਕੇਂਦਰ 23 ਫ਼ਸਲਾਂ ਜਿਹਨਾਂ ਦੀ ਐਮ ਐਸ ਪੀ ਮੁਕਰਰ ਕੀਤੀ ਜਾਂਦੀ ਹੈ ਜਿਹਨਾਂ ਵਿੱਚੋਂ ਕਪਾਹ ਨਰਮਾ, ਮੱਕੀ, ਗੰਨਾ, ਤੇਲ ਬੀਜ, ਬਾਸਮਤੀ ਅਤੇ ਦਾਲਾਂ ਦੀਆਂ ਫ਼ਸਲਾਂ ਦੀ ਐਮ ਐਸ ਪੀ ਮੁਕਰਰ ਕਰ ਕੇ ਮੰਡੀਆਂ ਵਿੱਚ ਖਰੀਦ ਯਕੀਨੀ ਬਣਾ ਦੇਵੇ ਤਾਂ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟੇਗਾ ਅਤੇ ਕਿਸਾਨ ਹੌਲੀ ਹੌਲੀ ਇਹਨਾਂ ਫ਼ਸਲਾਂ ਨੂੰ ਝੋਨੇ ਦੀ ਥਾਂ ਅਪਨਾਉਣਗੇ। ਇਸ ਨਾਲ ਪੰਜਾਬ ਦੀ ਪਾਣੀ ਦੀ ਸਮੱਸਿਆ ਹੱਲ ਹੋਵੇਗੀ। ਇਸ ਨਾਲ ਪ੍ਰਦੂਸ਼ਣ ਘਟੇਗਾ ਅਤੇ ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਵੀ ਕਾਫੀ ਹੱਦ ਤੱਕ ਹੱਲ ਹੋਵੇਗੀ। ਡਾ. ਗੋਸਲ ਕਹਿੰਦੇ ਹਨ ਕਿ ਕੇਂਦਰ ਸਰਕਾਰ 23 ਫ਼ਸਲਾਂ ਦੀ ਐਮ ਐਸ ਪੀ ਤਾਂ ਐਲਾਨ ਕਰਦੀ ਹੈ ਪਰ ਇਹਨਾਂ ਦੀ ਖਰੀਦ ਐਮ ਐਸ ਪੀ ਤੇ ਨਹੀਂ ਕੀਤੀ ਜਾਂਦੀ। ਜੇ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੇ ਝੋਨੇ ਤੋਂ ਇਲਾਵਾ ਹੋਰ ਕਿਸੇ ਫ਼ਸਲ ਤੇ ਐਮ ਐਸ ਪੀ ਦੀ ਖਰੀਦ ਯਕੀਨੀ ਨਹੀਂ ਬਣਦੀ ਤਾਂ ਉਹ ਫ਼ਸਲੀ ਵਿਭਿੰਨਤਾ ਕਿਸ ਤਰ੍ਹਾਂ ਲਿਆਉਣਗੇ ਅਤੇ ਝੋਨੇ ਦੀ ਕਾਸ਼ਤ ਕਿਵੇਂ ਛੱਡਣਗੇ ?

ਡਾ. ਐਮ ਐਸ ਸਵਾਮੀਨਾਥਨ ਜੋ ਚੋਟੀ ਦੇ ਖੇਤੀ ਵਿਗਿਆਨੀ ਸਨ ਅਤੇ ਜਿਹਨਾਂ ਨੂੰ ਪਿਛੇ ਜਿਹੇ ਸਭ ਤੋਂ ਵੱਡਾ ਪੁਰਸਕਾਰ 'ਭਾਰਤ ਰਤਨ' ਦਿੱਤਾ ਗਿਆ ਹੈ, ਉਹਨਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰ ਕੇ ਪੰਜਾਬ ਦੇ ਕਿਸਾਨਾਂ 'ਚ ਜੋ ਨਿਰਾਸ਼ਤਾਂ, ਵਿਰੋਧਤਾਂ ਅਤੇ ਪ੍ਰੋਟੈਸਟ ਦਾ ਮਾਹੌਲ ਹੈ, ਉਹ ਖ਼ਤਮ ਕੀਤਾ ਜਾ ਸਕਦਾ ਹੈ। ਪੀ ਏ ਯੂ ਦੇ ਉੱਪ ਕੁਲਪਤੀ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਐਮ ਐਸ ਪੀ ਤੇ ਖਰੀਦ ਕਰਨ ਲਈ ਜੋ 6 ਫ਼ਸਲਾਂ ਹਨ, ਉਹਨਾਂ ਨੂੰ ਕਿਸਾਨ ਹੌਲੀ - ਹੌਲੀ ਲਾਜ਼ਮੀ ਅਪਨਾਉਣਗੇ ਜਿਸ ਨਾਲ ਫ਼ਸਲੀ ਵਿਭਿੰਨਤਾ ਆਵੇਗੀ ਅਤੇ ਪੰਜਾਬ ਦੀ ਪਾਣੀ ਦੀ ਸਮੱਸਿਆ ਖ਼ਤਮ ਹੋਵੇਗੀ। ਸੀ 2 + 50 ਪ੍ਰਤੀਸ਼ਤ (ਜਿਸ ਵਿੱਚ ਖੇਤੀ ਸਮੱਗਰੀ ਤੇ ਹੋਰ ਖਰਚੇ ਅਤੇ ਟੱਬਰ ਵੱਲੋਂ ਕੀਤੀ ਗਈ ਲੇਬਰ, ਜ਼ਮੀਨ ਦਾ ਕਿਰਾਇਆ ਅਤੇ ਲਾਗਤ ਦਾ ਸੂਦ ਆਦਿ ਸਾਰੇ ਖਰਚੇ ਸ਼ਾਮਿਲ ਹਨ) ਫ਼ਸਲਾਂ ਦੀ ਐਮ ਐਸ ਪੀ ਮੁਕਰਰ ਕਰਨ ਦੇ ਫਾਰਮੂਲੇ ਤੋਂ ਇਲਾਵਾ ਪ੍ਰੋ ਸਵਾਮੀਨਾਥਨ ਕਮਿਸ਼ਨ ਵੱਲੋਂ ਰਿਪੋਰਟ 'ਚ ਦਿੱਤੀਆਂ ਗਈਆਂ ਕਿਸਾਨਾਂ ਦੀ ਬਿਹਤਰੀ ਲਈ ਹੋਰ ਦੂਜੀਆਂ ਸਿਫਾਰਸ਼ਾਂ ਵੀ ਹਨ ਜਿਹਨਾਂ ਤੇ ਕੇਂਦਰ ਨੂੰ ਗ਼ੌਰ ਕਰਕੇ ਮੰਨਣ ਤੇ ਵਿਚਾਰ ਕਰਨਾ ਚਾਹੀਦਾ ਹੈ। ਖੇਤੀਬਾੜੀ ਤੇ ਖੇਤੀ ਖੋਜ ਤੇ ਵਧੇਰੇ ਖਰਚਾ ਕਰਨ ਦੀ ਲੋੜ ਹੈ। ਜਿਸ ਨਾਲ ਵਾਤਾਵਰਨ 'ਚ ਆ ਰਹੀ ਤਬਦੀਲੀ, ਜ਼ਮੀਨ ਥੱਲੇ ਪਾਣੀ ਦੇ ਪੱਧਰ ਦਾ ਥੱਲੇ ਜਾਣਾ ਅਤੇ ਫ਼ਸਲੀ - ਵਿਭਿੰਨਤਾ ਜਿਹੀਆਂ ਸਮੱਸਿਆਵਾਂ ਹੱਲ ਹੋਣਗੀਆਂ। ਪ੍ਰੋ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਜੋ ਖਰਚ ਆਉਂਦਾ ਹੈ ਉਹ ਹੋਰ ਖੇਤਰਾਂ ਤੋਂ ਆਮਦਨ ਵਧਾ ਕੇ ਪੂਰਾ ਕੀਤਾ ਜਾ ਸਕਦਾ ਹੈ। ਬਜਟ ਵਿੱਚ ਤੇ ਆਏ ਸਾਲ ਖੇਤੀਬਾੜੀ ਤੇ ਵਧੇਰੇ ਖਰਚ ਕਰਨ ਲਈ ਗੁੰਜਾਇਸ਼ ਰੱਖੀ ਜਾਏ ਅਤੇ ਹਰ ਸਾਲ ਖੇਤੀਬਾੜੀ ਦਾ ਬਜਟ ਵਧਾਉਣਾ ਲੋੜੀਂਦਾ ਹੈ। ਅਜਿਹਾ ਕਰਨ ਨਾਲ ਹੀ ਕਿਸਾਨਾਂ ਦਾ ਰੋਸ ਦੂਰ ਹੋਵੇਗਾ।



# ਵੈਟਨਰੀ ਯੂਨੀਵਰਸਿਟੀ ਵਿਖੇ ਅਧਿਆਪਨ ਮੁਹਾਰਤ ਹਿਤ ਕਰਵਾਈ ਗਈ ਦੋ ਦਿਨਾ ਕਾਰਜਸ਼ਾਲਾ

ਕਾਲਜ ਆਫ ਵੈਟਨਰੀ ਸਾਇੰਸ, ਲੁਧਿਆਣਾ ਵਿਖੇ ਦੋ ਦਿਨਾ ਅਧਿਆਪਨ ਮੁਹਾਰਤ ਕਾਰਜਸ਼ਾਲਾ ਦਾ ਆਯੋਜਨ ਕੀਤਾ ਗਿਆ। ਇਹ ਕਾਰਜਸ਼ਾਲਾ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਕੈਲਗਰੀ, ਕੈਨੇਡਾ ਦਰਮਿਆਨ ਭਾਰਤ ਵਿਚ ਬਿਹਤਰ ਵੈਟਨਰੀ ਸੇਵਾਵਾਂ ਦੇਣ ਹਿਤ ਪਾਠਕ੍ਰਮ ਯੋਗਤਾ ਨਿਖਾਰਨ ਲਈ ਦੁਵੱਲੀ ਸਾਂਝ ਹਿਤ ਕਰਵਾਈ ਗਈ। ਇਹ ਦੁਵੱਲਾ ਪ੍ਰਾਜੈਕਟ ਪਸ਼ੂ ਸਿਹਤ ਸੰਬੰਧੀ ਆਲਮੀ ਸੰਗਠਨ ਵੱਲੋਂ ਵਿਤੀ ਮਦਦ ਪ੍ਰਾਪਤ ਹੈ।




ਇਸ ਕਾਰਜਸ਼ਾਲਾ ਵਿਚ ਅੰਤਰਰਾਸ਼ਟਰੀ ਪੱਧਰ ਤੋਂ ਡਾ. ਬਲਜੀਤ ਸਿੰਘ ਗਿੱਲ, ਵਾਈਸ ਪ੍ਰੈਜ਼ੀਡੈਂਟ (ਖੋਜ), ਡਾ. ਲੋਲੀਨ ਬੇਰਧਲ, ਪ੍ਰੋਫੈਸਰ ਅਤੇ ਡਾ. ਜੇ ਵਿਲਸਨ, ਪ੍ਰੋਫੈਸਰ, ਯੂਨੀਵਰਸਿਟੀ ਆਫ ਸਸਕੈਚਵਨ, ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਧਾਰੇ। ਡਾ. ਕੈਂਟ ਹੈਕਰ, ਪ੍ਰੋਫੈਸਰ ਯੂਨੀਵਰਸਿਟੀ ਆਫ ਕੈਲਗਰੀ ਨੇ ਆਨਲਾਈਨ ਮਾਧਿਅਮ ਰਾਹੀਂ ਇਸ ਵਿਚ ਸ਼ਮੂਲੀਅਤ ਕੀਤੀ। ਇਨ੍ਹਾਂ ਮਾਹਿਰਾਂ ਨੇ ਬਹੁਤ ਮਹੱਤਵਪੂਰਨ ਦਿਸ਼ਾ ਦਿੱਤੀ ਅਤੇ ਵੈਟਨਰੀ ਸਿੱਖਿਆ ਵਿਚ ਸੁਧਾਰ ਹਿਤ ਆਪਣੇ ਵਿਚਾਰ ਰੱਖੇ। ਕਾਰਜਸ਼ਾਲਾ ਵਿਚ ਵੈਟਨਰੀ ਕਾਲਜ ਦੇ 20 ਅਧਿਆਪਕਾਂ ਨੇ ਵਿਭਿੰਨ ਵਿਭਾਗਾਂ ਤੋਂ ਹਿੱਸਾ ਲਿਆ। ਇਨ੍ਹਾਂ ਨੂੰ ਪਾਠਕ੍ਰਮ ਤਰਤੀਬ, ਸਮੱਸਿਆ ਆਧਾਰਿਤ ਸਿੱਖਿਆ ਅਤੇ ਵਿਚਾਰ ਵਟਾਂਦਰਾ ਅਧਿਆਪਨ ਨੀਤੀਆਂ ਸੰਬੰਧੀ ਦੱਸਿਆ ਗਿਆ।

ਡਾ. ਸਰਵਪ੍ਰੀਤ ਸਿੰਘ ਘੁੰਮਣ, ਡੀਨ, ਵੈਟਨਰੀ ਸਾਇੰਸ ਕਾਲਜ ਦੀ ਅਗਵਾਈ ਵਿਚ ਕਰਵਾਈ ਇਸ ਕਾਰਜਸ਼ਾਲਾ ਵਿਚ ਪ੍ਰਤੀਭਾਗੀਆਂ ਨੇ ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕੀਤੇ। ਇਸ ਨਾਲ ਅਧਿਆਪਕਾਂ ਦੇ ਅਧਿਆਪਨ ਹੁਨਰ ਨੂੰ ਨਿਖਾਰਨ ਵਿਚ ਫਾਇਦਾ ਮਿਲੇਗਾ। ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ ਨੇ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਸਿੱਖਿਆ ਖੇਤਰ ਵਿਚ ਬਿਹਤਰ ਵਾਤਾਵਰਣ ਬਨਾਉਣ ਵਿਚ ਮਦਦ ਮਿਲਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਧਿਆਪਕਾਂ ਦੀ ਬਿਹਤਰ ਕਾਰਗੁਜ਼ਾਰੀ ਨਾਲ ਬਿਹਤਰ ਵਿਦਿਆਰਥੀ ਤਿਆਰ ਹੋਣਗੇ ਅਤੇ ਉਹ ਵਿਦਿਆਰਥੀ ਬਿਹਤਰ ਪਸ਼ੂਧਨ ਸੇਵਾਵਾਂ ਦੇਣਗੇ।



# ਸ਼ਹਿਦ ਮੱਖੀਆਂ ਲਈ ਮੁੱਖ ਫਲੋਰਾ ਅਤੇ ਇਸ ਦੀ ਮਹੱਤਤਾ

ਜਸਪਾਲ ਸਿੰਘ, ਪਰਦੀਪ ਕੁਮਾਰ ਛੁਨੇਜਾ ਅਤੇ ਸੰਜੀਵ ਚੌਹਾਨ,
ਕੀਟ ਵਿਗਿਆਨ ਵਿਭਾਗ, ਪੀ ਏ ਯੂ, ਲੁਧਿਆਣਾ

**ਫਸਲਾਂ ਅਤੇ ਫਲਦਾਰ ਦਰੱਖਤਾਂ ਤੋਂ ਇਲਾਵਾ ਬਹੁਤ ਸਾਰੇ ਜੰਗਲਾਤ ਅਤੇ ਸਜਾਵਟੀ ਦਰੱਖਤ, ਬੂਟੇ ਅਤੇ ਵੇਲਾਂ ਵੀ ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੌਲਣ ਦਾ ਵਧੀਆ ਸਰੋਤ ਹਨ। ਇਸ ਲਈ ਇਹ ਦਰੱਖਤ ਨਾ ਸਿਰਫ ਪਰਾਗਣ ਕਰਨ ਵਾਲੇ ਕੀਟਾਂ ਜਾਂ ਜੰਗਲੀ ਮੱਖੀਆਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੇ ਹਨ ਬਲਕਿ ਪਾਲਤੂ ਸ਼ਹਿਦ ਮੱਖੀਆਂ ਦੇ ਵਪਾਰਕ ਉਤਪਾਦਨ ਵਿੱਚ ਵੀ ਵਾਧਾ ਕਰਦੇ ਹਨ।**

ਸ਼ਹਿਦ ਮੱਖੀਆਂ ਦਾ ਫੁੱਲਾਂ ਨਾਲ ਆਦਿ ਕਾਲ ਤੋਂ ਹੀ ਗੂੜ੍ਹਾ ਸਬੰਧੀ ਰਿਹਾ ਹੈ। ਇਹ ਫੁੱਲਾਂ ਤੋ ਪੌਲਨ (ਪਰਾਗ) ਅਤੇ ਨੈਕਟਰ ਇਕੱਠਾ ਕਰਦੀਆਂ ਹਨ। ਇਸ ਦੇ ਬਦਲੇ ਇਹ ਪੌਦਿਆਂ ਦਾ ਅਨਜਾਣੇ ਹੀ ਪ੍ਰਾਗਣ ਕਰਕੇ ਉਨ੍ਹਾਂ ਨੂੰ ਉਪਜ ਵਿੱਚ ਵਾਧਾ ਕਰਨ ਅਤੇ ਬੂਟਿਆਂ ਦੀ ਨਸਲ ਨੂੰ ਚੱਲਦਾ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਪਰਾਗ-ਕਣ ਪ੍ਰੋਟੀਨ ਅਤੇ ਨੈਕਟਰ ਖੰਡਾਂ ਦਾ ਸੋਮਾ ਹੋਣ ਕਾਰਨ ਇਹ ਮਧੂ ਮੱਖੀਆਂ ਦੇ ਸਰੀਰਕ ਵਿਕਾਸ ਅਤੇ ਕੰਮ ਕਰਨ ਲਈ ਸਹਾਈ ਹੁੰਦੇ ਹਨ। ਇਸ ਲਈ ਕਿਸੇ ਇਲਾਕੇ ਵਿੱਚ ਮਧੂ ਮੱਖੀਆਂ ਦੇ ਧੰਦੇ ਦੀ ਕਾਮਯਾਬੀ ਉੱਥੇ ਮੱਖੀਆਂ ਲਈ ਫੁੱਲ-ਫੁਲਾਕੇ ਦੀ ਬਹੁਤਾਤ ਤੇ ਨਿਰਭਰ ਕਰਦੀ ਹੈ।

ਜਿਨ੍ਹਾਂ ਇਲਾਕਿਆਂ ਵਿੱਚ ਨੈਕਟਰ ਅਤੇ ਪੌਲਨ ਦੇ ਸਰੋਤ ਫਸਲਾਂ ਅਤੇ ਦਰੱਖਤ ਵੱਡੇ ਇਲਾਕੇ ਅਤੇ ਲੰਬੇ ਸਮੇਂ ਲਈ ਮੌਜੂਦ ਹੋਣ, ਸ਼ਹਿਦ ਮੱਖੀ ਕਟੁੰਬਾਂ ਤੋਂ ਇੱਕ ਤੋਂ ਵੱਧ ਵਾਰ ਸ਼ਹਿਦ ਕੱਢਿਆ ਜਾ ਸਕਦਾ ਹੈ। ਪੰਜਾਬ ਵਿੱਚ ਸ਼ਹਿਦ ਮੱਖੀਆਂ ਖੁਰਾਕ ਲੈਣ ਲਈ ਤਕਰੀਬਨ 172 ਕਿਸਮ ਦੇ ਪੌਦਿਆਂ ਦੇ ਫੁੱਲਾਂ ਤੇ ਜਾਂਦੀਆਂ ਹਨ। ਸ਼ਹਿਦ ਮੱਖੀਆਂ 27 ਕਿਸਮ ਦੇ ਪੌਦਿਆਂ ਤੋਂ ਨੈਕਟਰ, 25 ਕਿਸਮ ਦੇ ਪੌਦਿਆਂ ਤੋਂ ਪੌਲਨ ਅਤੇ 120 ਕਿਸਮ ਦੇ ਪੌਦਿਆਂ ਤੋਂ ਨੈਕਟਰ ਅਤੇ ਪੌਲਨ ਦੋਵੇਂ ਇਕੱਠਾ ਕਰਦੀਆਂ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਫਸਲਾਂ** : ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਫਸਲਾਂ ਵਿੱਚੋਂ ਤੋਰੀਆ (ਅਕਤੂਬਰ-ਨਵੰਬਰ), ਰਾਇਆ (ਦਸੰਬਰ-ਫਰਵਰੀ), ਗੋਭੀ ਸਰ੍ਹੋਂ (ਜਨਵਰੀ-ਮਾਰਚ), ਸੂਰਜਮੁਖੀ (ਅਪ੍ਰੈਲ-ਮਈ), ਬਰਸੀਮ (ਅਪ੍ਰੈਲ-ਜੂਨ), ਕੱਦੂ ਜਾਤੀ (ਅਪ੍ਰੈਲ-ਮਈ, ਅਗਸਤ-ਅਕਤੂਬਰ), ਨਰਮਾ (ਅਗਸਤ-ਸਤੰਬਰ), ਆਦਿ ਨੈਕਟਰ ਅਤੇ ਪੌਲਨ ਦੇ ਬਹੁਤ ਵਧੀਆ ਸਰੋਤ ਹਨ। ਮੱਕੀ ਅਤੇ ਬਾਜਰਾ (ਮਈ-ਸਤੰਬਰ) ਪੌਲਨ ਦੇ ਜਦੋਂ ਕਿ ਅਰਹਰ (ਸਤੰਬਰ-ਅਕਤੂਬਰ) ਨੈਕਟਰ ਦੇ ਵਧੀਆ ਸਰੋਤ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਦਰੱਖਤ** : ਬਹੁਤ ਸਾਰੇ ਫਲਦਾਰ ਦਰੱਖਤ ਵੀ ਸ਼ਹਿਦ ਮੱਖੀਆਂ ਨੂੰ ਨੈਕਟਰ ਜਾਂ ਪੌਲਨ ਜਾਂ ਦੋਨੋਂ ਹੀ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਵਿੱਚੋਂ ਮੁੱਖ ਤੌਰ ਤੇ ਨਿੰਬੂ ਜਾਤੀ (ਫਰਵਰੀ-ਅਪ੍ਰੈਲ), ਆੜੂ (ਜਨਵਰੀ-ਫਰਵਰੀ), ਨਾਸ਼ਪਾਤੀ (ਫਰਵਰੀ-ਮਾਰਚ), ਲੀਚੀ (ਮਾਰਚ-ਅਪ੍ਰੈਲ), ਅਮਰੂਦ (ਅਪ੍ਰੈਲ-ਮਈ, ਅਗਸਤ-ਸਤੰਬਰ) ਅਤੇ ਬੇਰ (ਅਗਸਤ-ਅਕਤੂਬਰ) ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੌਲਨ ਦੇ ਬਹੁਤ ਵਧੀਆ ਸਰੋਤ ਹਨ।



ਫਸਲਾਂ ਅਤੇ ਫਲਦਾਰ ਦਰੱਖਤਾਂ ਤੋਂ ਇਲਾਵਾ ਬਹੁਤ ਸਾਰੇ ਜੰਗਲਾਤ ਅਤੇ ਸਜਾਵਟੀ ਦਰੱਖਤ, ਬੂਟੇ ਅਤੇ ਵੇਲਾਂ ਵੀ ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੌਲਣ ਦਾ ਵਧੀਆ ਸਰੋਤ ਹਨ। ਇਸ ਲਈ ਇਹ ਦਰੱਖਤ ਨਾ ਸਿਰਫ ਪਰਾਗਣ ਕਰਨ ਵਾਲੇ ਕੀਟਾਂ ਜਾਂ ਜੰਗਲੀ ਮੱਖੀਆਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੇ ਹਨ ਬਲਕਿ ਪਾਲਤੂ ਸ਼ਹਿਦ ਮੱਖੀਆਂ ਦੇ ਵਪਾਰਕ ਉਤਪਾਦਨ ਵਿੱਚ ਵੀ ਵਾਧਾ ਕਰਦੇ ਹਨ।

ਜੰਗਲਾਤ ਅਤੇ ਸਜਾਵਟੀ ਦਰੱਖਤਾਂ ਵਿੱਚ ਸਫੈਦਾ (ਨਵੰਬਰ-ਦਸੰਬਰ, ਫਰਵਰੀ-ਅਪ੍ਰੈਲ), ਟਾਹਲੀ (ਮਾਰਚ-ਅਪ੍ਰੈਲ), ਬੇਰ (ਅਗਸਤ-ਸਤੰਬਰ) ਅਤੇ ਕੜ੍ਹੀ ਪੱਤਾ (ਅਪ੍ਰੈਲ-ਮਈ) ਨੈਕਟਰ ਅਤੇ ਪੌਲਣ ਦੇ ਬਹੁਤ ਵਧੀਆ ਸਰੋਤ ਹਨ। ਜਦੋਂ ਕਿ ਕਿੱਕਰ (ਅਗਸਤ-ਅਕਤੂਬਰ), ਧਰੇਕ (ਫਰਵਰੀ-ਮਾਰਚ), ਸੁਹੰਜਣਾ (ਮਾਰਚ-ਅਪ੍ਰੈਲ), ਸੁਬਬੂਲ (ਮਾਰਚ-ਅਪ੍ਰੈਲ, ਸਤੰਬਰ-ਅਕਤੂਬਰ), ਰੁਕਮੰਜਣੀ/ਸਾਵਣੀ (ਮਈ-ਸਤੰਬਰ), ਨਿੰਮ (ਮਈ), ਫਲਾਹੀ (ਜੂਨ-ਜੁਲਾਈ), ਆਦਿ ਦੇ ਵਧੀਆ ਸਰੋਤ ਹਨ। ਖੈਰ (ਜੁਲਾਈ-ਅਗਸਤ) ਤੋਂ ਇਲਾਵਾ ਕਚਨਾਰ (ਫਰਵਰੀ-ਮਈ), ਸਰੀਂਹ (ਮਈ-ਜੂਨ), ਅਮਲਤਾਸ (ਮਈ-ਜੂਨ), ਜਾਮਣ (ਮਈ-ਜੂਨ) ਅਤੇ ਅਰਜੁਨ (ਮਈ-ਜੂਨ), ਆਦਿ ਸਿਰਫ ਨੈਕਟਰ ਦੇ ਸਰੋਤ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਸਜਾਵਟੀ ਬੂਟੇ ਅਤੇ ਵੇਲਾਂ** : ਟੀਕੋਮਾ (ਅਪ੍ਰੈਲ-ਅਕਤੂਬਰ), ਪੀਲੀ ਕਨੇਰ (ਜੁਲਾਈ-ਸਤੰਬਰ) ਅਤੇ ਬਸੂਟੀ (ਮਾਰਚ-ਜੂਨ) ਨੈਕਟਰ ਦੇ ਵਧੀਆ ਸਰੋਤ ਹਨ। ਕਈ ਹੋਰ ਸਜਾਵਟੀ ਬੂਟਿਆਂ ਜਿਵੇਂ ਕਿ ਬੁਡਲੀਆ (ਫਰਵਰੀ-ਮਾਰਚ), ਹੈਮਲਟੋਨੀਆ (ਅਪ੍ਰੈਲ), ਮਾਧਵੀ ਲਤਾ (ਅਪ੍ਰੈਲ), ਰੁਕਮੰਜਣੀ/ਸਾਵਣੀ (ਮਈ-ਅਗਸਤ), ਹਮੀਲੀਆ (ਸਤੰਬਰ-ਅਕਤੂਬਰ) ਅਤੇ ਪੌਲਸੈਟੀਆ (ਦਸੰਬਰ-ਫਰਵਰੀ) ਤੋਂ ਸ਼ਹਿਦ ਮੱਖੀਆਂ ਨੂੰ ਨੈਕਟਰ ਅਤੇ ਪੌਲਨ ਦੋਨੋਂ ਪ੍ਰਾਪਤ ਹੁੰਦੇ ਹਨ।

ਸਜਾਵਟੀ ਵੇਲ ਕੋਰਲ ਕਰੀਪਰ ਜੁਲਾਈ ਤੋਂ ਅਕਤੂਬਰ ਦੌਰਾਨ ਸ਼ਹਿਦ ਮੱਖੀਆਂ ਨੂੰ ਭਰਪੂਰ ਨੈਕਟਰ ਅਤੇ ਪੌਲਨ ਮੁਹੱਈਆ ਕਰਵਾਉਂਦੀ ਹੈ। ਨਸਟਰਸ਼ੀਅਮ (ਜਨਵਰੀ-ਮਾਰਚ), ਗਰੇਪ ਫਲਾਵਰ ਵੇਲ (ਮਾਰਚ-ਅਪ੍ਰੈਲ) ਅਤੇ ਰੇਲਵੇ ਕਰੀਪਰ (ਅਗਸਤ-ਸਤੰਬਰ) ਵੀ ਨੈਕਟਰ ਅਤੇ ਪੌਲਨ ਦੇ ਸਰੋਤ ਹਨ ਪਰੰਤੂ ਚੀਨੀ ਟਰੰਪਟ ਤੋਂ ਜੂਨ-ਸਤੰਬਰ ਦੌਰਾਨ ਨੈਕਟਰ ਮੌਜੂਦ ਹੁੰਦਾ ਹੈ।

**ਪੰਜਾਬ ਵਿੱਚ ਨੈਕਟਰ ਅਤੇ ਪੌਲਨ ਦੀ ਘਾਟ ਦੇ ਸਮੇਂ ਬੀ ਫਲੋਰਾ** : ਹਾਲਾਂਕਿ ਪੰਜਾਬ ਵਿੱਚ ਸ਼ਹਿਦ ਦੀ ਆਮਦ ਦੇ ਮੁੱਖ ਸਮੇਂ (ਸਰਦੀ ਅਤੇ ਬਸੰਤ ਰੁੱਤ) ਦੌਰਾਨ ਸ਼ਹਿਦ ਮੱਖੀਆਂ ਸਰ੍ਹੋਂ ਅਤੇ ਸਫੈਦੇ ਤੋਂ ਇਲਾਵਾ ਵੀ ਕਈਂ ਦਰੱਖਤਾਂ ਅਤੇ ਬੂਟਿਆਂ ਤੋਂ ਸ਼ਹਿਦ ਅਤੇ ਪੌਲਨ ਪ੍ਰਾਪਤ ਕਰਦੀਆਂ ਹਨ, ਪਰੰਤੂ ਇਸ ਸਮੇਂ ਤੋਂ ਉਪਰੰਤ ਖੁਰਾਕ ਦੀ ਘਾਟ ਕਾਰਨ ਸ਼ਹਿਦ ਮੱਖੀਆਂ ਦੇ ਕਟੁੰਬਾਂ ਦੀ ਉਤਪਾਦਕਤਾ ਘੱਟ ਜਾਂਦੀ ਹੈ। ਸੋ ਲੋੜ ਹੈ ਕਿ ਅਜਿਹੇ ਦਰੱਖਤ ਅਤੇ ਬੂਟੇ ਵੱਡੀ ਪੱਧਰ ਤੇ ਲਾਏ ਜਾਣ ਜਿਹੜੇ ਸ਼ਹਿਦ ਮੱਖੀਆਂ ਨੂੰ ਖੁਰਾਕ ਦੀ ਘਾਟ ਦੇ ਸਮੇਂ (ਮਈ-ਅਕਤੂਬਰ) ਦੌਰਾਨ ਨੈਕਟਰ ਅਤੇ ਪੌਲਨ ਮੁਹੱਈਆ ਕਰਵਾਉਣ ਲਈ ਜਾਮਣ, ਰੁਕਮੰਜਣੀ, ਅਰਜੁਣ, ਖੈਰ, ਕਿੱਕਰ, ਫਲਾਹੀ, ਕੇਸੀਆ, ਮਲਾਹ, ਸੁਬਬੂਲ, ਰੇਲਵੇ ਕਰੀਪਰ, ਆਦਿ ਦਰੱਖਤ/ਬੂਟੇ ਲਗਾਉਣੇ ਚਾਹੀਦੇ ਹਨ।



**ਸ਼ਹਿਦ ਮੱਖੀ ਕਟੁੰਬਾਂ ਦੀ ਹਿਜਰਤ ਦੀਆਂ ਸੰਭਾਵਨਾਵਾਂ** : ਸਾਲ ਦੇ ਵੱਖ-ਵੱਖ ਮਹੀਨਿਆਂ ਦੌਰਾਨ ਪੰਜਾਬ ਅਤੇ ਆਸ-ਪਾਸ ਦੇ ਰਾਜਾਂ ਵਿੱਚ ਉਪਲਬਧ ਨੈਕਟਰ ਅਤੇ ਪੌਲਨ ਦੇ ਸਰੋਤਾਂ ਤੋਂ ਵੀ ਪੰਜਾਬ ਦੇ ਸ਼ਹਿਦ ਮੱਖੀ ਪਾਲਕ ਆਪਣੇ ਮੱਖੀ ਕਟੁੰਬਾਂ ਦੀ ਹਿਜਰਤ ਕਰ ਸਕਦੇ ਹਨ।

★ ਖੈਰ ਤੋਂ ਸ਼ਹਿਦ ਪ੍ਰਾਪਤ ਕਰਨ ਲਈ ਜੁਲਾਈ-ਅਗਸਤ ਦੌਰਾਨ ਪੰਜਾਬ ਦੇ ਕੰਡੀ ਇਲਾਕੇ, ਹੁਸ਼ਿਆਰਪੁਰ, ਆਨੰਦਪੁਰ ਸਾਹਿਬ, ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਅਤੇ ਹਰਿਆਣਾ ਦੇ ਪਿੰਜੌਰ ਅਤੇ ਮੋਰਨੀ ਹਿਲਜ਼ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਬਾਜਰਾ ਸ਼ਹਿਦ ਮੱਖੀਆਂ ਲਈ ਪੌਲਨ ਦਾ ਬਹੁਤ ਵਧੀਆ ਸਰੋਤ ਹੈ ਜੋ ਕਟੁੰਬਾਂ ਵਿੱਚ ਬਰੂਡ ਅਤੇ ਸ਼ਹਿਦ ਮੱਖੀਆਂ ਦੇ ਵਾਧੇ ਲਈ ਅਨੁਕੂਲ ਹੈ। ਇਸ ਲਈ ਜੁਲਾਈ-ਅਗਸਤ ਦੌਰਾਨ ਹਰਿਆਣਾ ਦੇ ਨਰਭੱਦਰਾ, ਚਰਖੀ ਦਾਦਰੀ, ਰਿਵਾੜੀ ਅਤੇ ਰਾਜਸਥਾਨ ਦੇ ਭਰਤਪੁਰ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਅਜਵੈਨ ਤੋਂ ਸ਼ਹਿਦ ਪ੍ਰਾਪਤ ਕਰਨ ਲਈ ਜੁਲਾਈ-ਅਗਸਤ ਦੌਰਾਨ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਅਤੇ ਰਾਜਸਥਾਨ ਦੇ ਚਿਤੌੜਗੜ੍ਹ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਸਤੰਬਰ-ਅਕਤੂਬਰ ਦੌਰਾਨ ਅਰਹਰ ਤੋਂ ਸ਼ਹਿਦ ਪ੍ਰਾਪਤੀ ਲਈ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਸੰਗਰੂਰ, ਆਦਿ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਫਰੀਦਕੋਟ, ਮਾਨਸਾ, ਬਠਿੰਡਾ, ਬਰਨਾਲਾ, ਅਬੋਹਰ ਅਤੇ ਹਰਿਆਣਾ ਦੇ ਹਿਸਾਰ ਅਤੇ ਸਿਰਸਾ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਕੇ ਬੇਰ ਅਤੇ ਨਰਮੇ ਤੋਂ ਸ਼ਹਿਦ ਪ੍ਰਾਪਤ ਕੀਤਾ ਜਾ ਸਕਦਾ ਹੈ।

★ ਨਵੰਬਰ ਦੌਰਾਨ ਛਿਛੜੀ ਦਾ ਸ਼ਹਿਦ ਪ੍ਰਾਪਤ ਕਰਨ ਲਈ ਜੰਮੂ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਇਸ ਸਮੇਂ ਦੌਰਾਨ ਤੋਰੀਆ ਅੰਮ੍ਰਿਤਸਰ, ਤਰਨਤਾਰਨ, ਖਡੂਰ ਸਾਹਿਬ, ਰਾਇਆ ਆਦਿ ਇਲਾਕਿਆਂ ਵਿੱਚ ਹੁੰਦਾ ਹੈ।

★ ਰਾਇਆ ਭਾਰਤ ਵਿੱਚ ਸ਼ਹਿਦ ਦਾ ਪ੍ਰਮੁੱਖ ਸਰੋਤ ਹੈ। ਇਸ ਸ਼ਹਿਦ ਦੀ ਪ੍ਰਾਪਤੀ ਲਈ ਦਸੰਬਰ-ਜਨਵਰੀ ਦੌਰਾਨ ਰਾਜਸਥਾਨ ਦੇ ਭਰਤਪੁਰ, ਕੋਟਾ, ਸ੍ਰੀ ਗੰਗਾਨਗਰ; ਹਰਿਆਣਾ ਦੇ ਹਿਸਾਰ, ਰਿਵਾੜੀ ਅਤੇ ਪੰਜਾਬ ਦੇ ਬਠਿੰਡਾ, ਤਲਵੰਡੀ ਸਾਬੋ ਅਤੇ ਮਾਨਸਾ ਆਦਿ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਫਰਵਰੀ-ਮਾਰਚ ਦੌਰਾਨ ਰਾਇਆ, ਗੋਭੀ ਸਰ੍ਹੋਂ, ਸਫੈਦਾ, ਟਾਹਲੀ, ਆਦਿ ਸ਼ਹਿਦ ਮੱਖੀਆਂ ਨੂੰ ਭਰਪੂਰ ਨੈਕਟਰ ਅਤੇ ਪੌਲਨ ਉਪਲਬਧ ਕਰਵਾਉਂਦੇ ਹਨ। ਰਾਜਸਥਾਨ ਦੇ ਕੋਟਾ ਅਤੇ ਮੱਧ ਪ੍ਰਦੇਸ਼ ਦੇ ਸੁਲਤਾਨਪੁਰ ਅਤੇ ਸ਼ਿਵਪੁਰ ਇਲਾਕਿਆਂ ਤੋਂ ਧਨੀਏ ਦਾ ਸ਼ਹਿਦ ਪ੍ਰਾਪਤ ਕਰ ਸਕਦੇ ਹੋ।

★ ਅਪ੍ਰੈਲ ਦੌਰਾਨ ਕੰਡੀ ਇਲਾਕਾ ਵਿੱਚ ਟਾਹਲੀ, ਫਲਾਹੀ, ਕੜ੍ਹੀ ਪੱਤਾ ਜਦੋਂ ਕਿ ਪਠਾਨਕੋਟ ਅਤੇ ਗੁਰਦਾਸਪੁਰ ਦੇ ਇਲਾਕਿਆਂ ਤੋਂ ਲੀਚੀ ਦਾ ਸ਼ਹਿਦ ਪ੍ਰਾਪਤ ਕਰ ਸਕਦੇ ਹੋ। ਅਪ੍ਰੈਲ-ਮਈ ਦੌਰਾਨ ਲਗਭੱਗ ਸਾਰੇ ਪੰਜਾਬ ਵਿੱਚ ਬਰਸੀਮ ਤੋਂ ਅਤੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਕੋਦਰ, ਰਾਜਪੁਰਾ, ਹਰਿਆਣਾ ਤੋਂ ਸੂਰਜਮੁਖੀ ਦੇ ਫੁੱਲਾਂ ਤੋਂ ਸ਼ਹਿਦ ਪ੍ਰਾਪਤੀ ਲਈ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

ਫੁੱਲਾਂ ਵਾਲੇ ਦਰੱਖਤਾਂ/ਬੂਟਿਆਂ ਤੋਂ ਇਲਾਵਾ ਬੋਹੜ, ਪਿੱਪਲ, ਅੰਬ ਅਤੇ ਲਸੂੜਾ, ਆਦਿ ਸ਼ਹਿਦ ਮੱਖੀਆਂ ਨੂੰ ਛੱਤੇ ਲਾਉਣ ਲਈ ਜਗ੍ਹਾ ਵੀ ਉਪਲਬਧ ਕਰਵਾਉਂਦੇ ਹਨ। ਸ਼ਹਿਦ ਮੱਖੀ ਪਾਲਕਾਂ ਨੂੰ ਕਿਸਾਨਾਂ, ਪੰਚਾਇਤਾਂ, ਸੋਸਾਇਟੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਪਿੰਡਾਂ ਵਿੱਚ, ਪਿੰਡ ਦੇ ਰਸਤੇ ਅਤੇ ਫਿਰਨੀ ਤੇ ਉਹ ਦਰੱਖਤ ਅਤੇ ਬੂਟੇ ਲਗਾਉਣੇ ਚਾਹੀਦੇ ਹਨ ਜਿਨ੍ਹਾਂ ਤੋਂ ਸ਼ਹਿਦ ਮੱਖੀਆਂ ਨੂੰ ਖਾਸ ਤੌਰ ਤੇ ਖੁਰਾਕ ਦੀ ਘਾਟ ਸਮੇਂ ਨੈਕਟਰ ਅਤੇ ਪੌਲਣ ਮਿਲਦਾ ਹੋਵੇ। ਅਜਿਹਾ ਕਰਕੇ ਸ਼ਹਿਦ ਮੱਖੀ ਪਾਲਣ ਤੋਂ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

# ਡੇਅਰੀ ਫਾਰਮਿੰਗ ਦੇ ਮਾਪਦੰਡ ਹੇਹੇ ਤੋਂ ਸੂਣ ਤੱਕ

ਰਵਦੀਪ ਸਿੰਘ ਅਤੇ ਖੁਸ਼ਪ੍ਰੀਤ ਸਿੰਘ,
ਪਸ਼ੂ ਪਾਲਣ ਅਤੇ ਚਿਕਿਤਸਾ
ਪਸਾਰ ਸਿੱਖਿਆ ਵਿਭਾਗ ਗਡਵਾਸੂ



**ਲਾਭਦਾਇਕ ਡੇਅਰੀ ਫਾਰਮਿੰਗ ਲਈ ਬਹੁਤ ਜ਼ਰੂਰੀ ਹੈ ਕਿ ਪਸ਼ੂਆਂ ਦੇ ਪ੍ਰਜਨਣ ਅੰਗ ਪੂਰੀ ਤਰ੍ਹਾਂ ਤੰਦਰੁਸਤ ਹੋਣ। ਡੇਅਰੀ ਫਾਰਮਿੰਗ ਦੇ ਕਿੱਤੇ ਨੂੰ ਵਾਧੇ ਵੱਲ ਨੂੰ ਤੋਰੀ ਰੱਖਣ ਲਈ ਲਾਜ਼ਮੀ ਹੈ ਕਿ ਗਾਂ 1 ਸਾਲ ਬਾਅਦ ਅਤੇ ਮੱਝ 13-14 ਮਹੀਨਿਆਂ ਬਾਅਦ ਦੁਬਾਰਾ ਸੂ ਪਵੇ। ਇਹ ਤਾਂ ਹੀ ਹੋ ਸਕਦਾ ਹੈ ਜੇ ਪਸ਼ੂ ਛੇਤੀ ਤੋਂ ਛੇਤੀ ਹੇਹੇ ਵਿੱਚ ਆ ਕੇ ਆਸ ਹੋ ਜਾਣ ਅਤੇ ਪਸ਼ੂ ਨੂੰ ਸੂਣ ਮੌਕੇ ਕੋਈ ਮੁਸ਼ਕਲ ਨਾ ਆਵੇ। ਸੂਣ ਉਪਰੰਤ ਪਸ਼ੂ ਛੇਤੀ ਹੇਹੇ ਵਿੱਚ ਆਵੇ ਅਤੇ 60-90 ਦਿਨਾਂ ਵਿੱਚ ਦੁਬਾਰਾ ਆਸ ਹੋ ਜਾਵੇ। ਜਿਵੇਂ ਜਿਵੇਂ ਦੁਬਾਰਾ ਆਸ ਹੋਣ ਦੇ ਦਿਨਾਂ ਵਿੱਚ ਵਾਧਾ ਹੁੰਦਾ ਜਾਵੇਗਾ, ਪਸ਼ੂ ਪਾਲਕਾਂ ਦੇ ਨੁਕਸਾਨ ਵਿੱਚ ਵੀ ਵਾਧਾ ਹੁੰਦਾ ਜਾਵੇਗਾ। ਸੋ ਡੇਅਰੀ ਪਸ਼ੂਆਂ ਦੀ ਸੁਚੱਜੀ ਪ੍ਰਜਨਣ ਸੰਭਾਲ ਬਹੁਤ ਹੀ ਜ਼ਰੂਰੀ ਹੈ।**

## ਹੇਹੇ ਦੀਆਂ ਨਿਸ਼ਾਨੀਆਂ

ਗਾਂਵਾਂ/ਮੱਝਾਂ ਦਾ ਹੇਹਾ ਚੱਕਰ ਹਰ 21-22 ਦਿਨਾਂ ਬਾਅਦ ਆਉਂਦਾ ਹੈ। ਹੇਹੇ ਦੀਆਂ ਇਹ ਨਿਸ਼ਾਨੀ ਬਹੁਤ ਹੀ ਮਹੱਤਵਪੂਰਨ ਹੈ।

★ ਪਸ਼ੂ ਦਾ ਦੂਜੇ ਪਸ਼ੂਆਂ ਉੱਤੇ ਚੜ੍ਹਨਾ ਜਾਂ ਫਿਰ ਦੂਜੇ ਪਸ਼ੂਆਂ ਦਾ ਹੇਹੇ ਵਿੱਚ ਆਏ ਪਸ਼ੂ ਉੱਤੇ ਚੜ੍ਹਨਾ।

★ ਦੂਜੇ ਪਸ਼ੂਆਂ ਦੇ ਪਿੱਛੇ ਖੜ੍ਹਕੇ ਸੂਅ ਨੂੰ ਸੁੰਘਣਾ।

★ ਸੂਅ ਥੋੜੀ ਜਿਹੀ ਸੁੱਜੀ ਰਹਿੰਦੀ ਹੈ ਅਤੇ ਸੂਅ ਦੀ ਅੰਦਰਲੀ ਝਿੱਲੀ ਦਾ ਲਾਲ ਹੋਣਾ।

★ ਸੂਅ ਵਿੱਚੋਂ ਸਾਫ, ਸ਼ੀਸ਼ੇ ਦੀ ਤਰ੍ਹਾਂ ਚਮਕਦਾਰ ਤਾਰਾਂ ਦਾ ਆਉਣਾ।

★ ਵਾਰ ਵਾਰ ਪਿਸ਼ਾਬ ਕਰਨਾ।

★ ਗਾਂ ਜਾਂ ਮੱਝ-ਬਗੈਰ ਕਿਸੇ ਕਾਰਨ ਅੜਿੰਗਦੇ ਰਹਿਣਾ।

★ ਪਸ਼ੂ ਦਾ ਵਾਰ ਵਾਰ ਉੱਠਣਾ ਬੈਠਣਾ ਅਤੇ ਜ਼ਿਆਦਾ ਤੁਰਨਾ।

★ ਹੇਹੇ 'ਚ ਆਉਣ ਤੋਂ ਪਹਿਲਾਂ ਦੁੱਧ ਦਾ ਘਟਣਾ (ਡੋਕਾ)।

★ ਪੱਠੇ ਘੱਟ ਖਾਣੇ।

★ ਪ੍ਰਜਨਣ ਸਬੰਧੀ ਰਿਕਾਰਡ ਤੋਂ ਹੇਹਾ ਲੱਭਣਾ।

★ ਜ਼ਿਆਦਾਤਰ ਹਰ ਪਸ਼ੂ ਚੜ੍ਹਦੀ ਸਵੇਰ ਅਤੇ ਸ਼ਾਮ ਨੂੰ ਹੇਹੇ ਦੀਆਂ ਨਿਸ਼ਾਨੀਆਂ ਦਰਸਾਉਂਦੇ ਹਨ। ਜਦੋਂ ਪਸ਼ੂ ਦਾ ਸਹੀ ਸਮੇਂ ਸਿਰ ਹੇਹੇ ਦਾ ਪ੍ਰੀਖਣ ਹੋ ਜਾਵੇ ਤਾਂ ਕਿਸੇ ਤਜ਼ਰਬੇਕਾਰ ਡਾਕਟਰ ਕੋਲੋਂ ਮਸਨੂਈ ਗਰਭਦਾਨ ਵਾਲਾ ਟੀਕਾ ਭਰਾਇਆ ਜਾਵੇ।

## ਦੋਗਲੀਆਂ ਗਾਂਵਾਂ ਦਾ ਹੇਹੇ ਦੌਰਾਨ ਖੂਨ ਸੁੱਟਣਾ

ਇਹ ਆਮ ਦੇਖਣ ਵਿੱਚ ਆਇਆ ਹੈ ਕਿ ਦੋਗਲੀ ਨਸਲ ਨੂੰ ਹੇਹੇ ਦੇ ਅਖੀਰ ਵਿੱਚ ਤਾਰਾਂ ਦੇ ਨਾਲ ਨਾਲ ਖੂਨ ਵੀ ਆਉਂਦਾ ਹੈ। ਇਹ ਖੂਨ ਹੇਹਾ ਖਤਮ ਹੋਣ ਤੇ ਜਾਂ ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣ ਤੋਂ ਬਾਅਦ ਜਾਂ ਸਾਨ੍ਹ ਤੋਂ ਨਵੇਂ ਦੁੱਧ ਕਰਵਾਉਣ ਤੋਂ ਬਾਅਦ ਪੈਂਦਾ ਹੈ। ਅਸਲੀਅਤ ਵਿੱਚ ਇਹ ਨਾ ਹੀ ਕੋਈ ਬੱਚੇਦਾਨੀ ਦਾ ਜ਼ਖਮ ਹੁੰਦਾ ਹੈ, ਇਹ ਖੂਨ ਦਾ ਪੈਣਾ, ਇੱਕ ਰਸਾਇਣ (Estrogen) ਦੀ ਮਾਤਰਾ ਘਟਣ ਕਰਕੇ ਹੁੰਦਾ ਹੈ।



ਇਹ ਅੰਡੇ ਦੇ ਆਉਣ ਦਾ ਇੱਕ ਸੰਕੇਤ ਹੈ। ਜਿਸ ਨਾਲ ਇਹ ਨਿਰਧਾਰਤ ਹੋ ਜਾਂਦਾ ਹੈ ਕਿ ਅੰਡੇ ਆਉਣ ਦੀ ਪ੍ਰਕਿਰਿਆ ਵਿੱਚ ਕੋਈ ਨੁਕਸ ਨਹੀਂ ਹੈ। ਇਹ ਹੇਹਾ ਖਤਮ ਹੋਣ ਤੇ 1-3 ਦਿਨਾਂ ਪਿੱਛੋਂ ਪੈਂਦਾ ਹੈ। ਸੂਅ ਵਿੱਚੋਂ ਬਾਹਰ ਨਿਕਲੇ ਖੂਨ ਦੀ ਮਾਤਰਾ ਕੁਝ ਬੂੰਦਾਂ ਤੋਂ ਲੈ ਕੇ ਕੁਝ ਮਿਲੀਲਿਟਰ ਤੱਕ ਹੋ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਬਾਈਏ ਵਿੱਚ ਖੂਨ ਜ਼ਰੂਰ ਆਵੇ। ਇਸ ਖੂਨ ਦਾ ਗਰਭ ਠਹਿਰਨ ਨਾਲ ਕੋਈ ਸਬੰਧ ਨਹੀਂ ਅਤੇ ਇਹ ਖੂਨ ਤੋਂ ਬਾਅਦ ਵੀ ਪਸ਼ੂ ਵਿੱਚ ਗਰਭ ਠਹਿਰ ਸਕਦਾ ਹੈ।

## ਹੇਹਾ ਪ੍ਰੀਖਣ ਕਰਨ ਦੀ ਦਰ ਅਤੇ ਥਾਂ

60% ਪਸ਼ੂਆਂ ਵਿੱਚ ਹੇਹਾ ਰਾਤ ਵੇਲੇ ਜਾਂ ਸਵੇਰੇ ਤੜਕੇ ਹੀ ਸ਼ੁਰੂ ਹੁੰਦਾ ਹੈ ਅਤੇ 70% ਪਸ਼ੂਆਂ ਵਿੱਚ ਦੂਸਰੇ ਪਸ਼ੂਆਂ ਤੇ ਚੜਨ ਜਾਂ ਚੜਾਉਣ ਦੀ ਪ੍ਰਕਿਰਿਆ ਰਾਤ ਨੂੰ ਹੀ ਹੁੰਦੀ ਹੈ। ਇਸ ਕਰਕੇ ਹੇਹਾ ਪ੍ਰੀਖਣ ਦਿਨ ਵਿੱਚ ਘੱਟ ਤੋਂ ਘੱਟ ਦੋ ਵਾਰ ਕਰਨਾ ਚਾਹੀਦਾ ਹੈ, ਇੱਕ ਵਾਰ ਸਵੇਰੇ ਤੜਕੇ ਅਤੇ ਦੂਜੀ ਵਾਰ ਸ਼ਾਮ ਵੇਲੇ। ਹਰੇਕ ਹੇਹਾ ਪ੍ਰੀਖਣ ਘੱਟ ਤੋਂ ਘੱਟ 20 ਤੋਂ 30 ਮਿੰਟਾਂ ਤੱਕ ਹੋਣਾ ਚਾਹੀਦਾ ਹੈ, ਕਿਉਂਕਿ ਗਾਂਵਾਂ ਵਿੱਚ ਇੱਕ ਦੂਜੇ ਉੱਪਰ ਚੜਨ ਚੜਾਉਣ ਦਾ ਕੰਮ ਔਸਤਨ ਹਰ 15 ਤੋਂ 20 ਮਿੰਟ ਬਾਅਦ ਹੁੰਦਾ ਹੈ। ਤਿਲਕਣ ਅਤੇ ਚਿੱਕੜ ਵਾਲਾ ਫਰਸ਼ ਪਸ਼ੂ ਦੇ ਚੜਨ ਅਤੇ ਚੜਾਉਣ ਦੀ ਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਪਸ਼ੂ ਦੇ ਡਿੱਗਣ ਨਾਲ ਸੱਟ ਲੱਗ ਸਕਦੀ ਹੈ। ਸੋ ਹੇਹਾ ਪ੍ਰੀਖਣ ਵੇਲੇ ਪਸ਼ੂ ਅਜਿਹੀ ਥਾਂ ਤੇ ਹੋਵੇ ਜਿੱਥੇ ਹੇਹਾ ਦਰਸਾਉਣ ਵਿੱਚ ਕੋਈ ਔਕੜ ਨਾ ਆਵੇ।

## ਮਸਨੂਈ ਗਰਭਦਾਨ

ਮਸਨੂਈ ਗਰਭਦਾਨ ਦਾ ਟੀਕਾ ਹੇਹੇ ਦੌਰਾਨ ਇਕ ਖਾਸ ਸਮੇਂ ਉੱਤੇ ਹੀ ਲਗਾਇਆ ਜਾਂਦਾ ਹੈ। ਜਦੋਂ ਇਹ ਸਮਾਂ ਖੁੰਝ ਜਾਵੇ ਜਾਂ ਟੀਕਾ ਸਮੇਂ ਤੋਂ ਪਹਿਲਾਂ ਲੱਗ ਜਾਵੇ ਤਾਂ ਪਸ਼ੂ 'ਚ ਗੱਭਣ ਰਹਿਣ ਦੀ ਦਰ ਕਾਫੀ ਘੱਟ ਜਾਂਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਪਸ਼ੂ 'ਚ ਹੇਹੇ ਦਾ ਲੱਭਣਾ।

**ਟੀਕਾ ਲਗਵਾਉਣ ਦਾ ਢੁੱਕਵਾਂ ਸਮਾਂ** : ਦਿਨ ਵਿੱਚ ਹੇਹੇ ਪ੍ਰੀਖਣ ਕਰਨ ਦਾ ਸਹੀ ਸਮਾਂ ਪਤਾ ਹੋਣਾ ਬਹੁਤ ਜ਼ਰੂਰੀ ਹੈ। ਕਿਉਂਕਿ ਔਸਤਨ ਹੇਹੇ ਦਾ ਸਮਾਂ ਕਈ ਪਸ਼ੂਆਂ ਵਿੱਚ 8 ਘੰਟੇ ਹੀ ਹੁੰਦਾ ਹੈ। ਹੇਹੇ ਵਿੱਚ ਆਏ ਪਸ਼ੂਆਂ ਦੀ ਅੰਡੇਦਾਨੀ ਵਿੱਚੋਂ ਅੰਡੇ ਦੇ ਨਿਕਲਣ ਦੇ ਸਮੇਂ ਦਾ ਪਤਾ ਵੀ ਹੋਣਾ ਜ਼ਰੂਰੀ ਹੈ। ਇਹ ਦੇਖਿਆ ਗਿਆ ਹੈ ਕਿ ਹੇਹੇ ਵਾਲੇ ਪਸ਼ੂ ਵੀ ਦੂਸਰਿਆਂ ਦੇ ਚੜ੍ਹਣ ਉਪਰੰਤ ਖੜੇ ਰਹਿਣ ਵਾਲੀ ਨਿਸ਼ਾਨੀ ਇਕ ਬਹੁਤ ਵਧੀਆ ਨਿਸ਼ਾਨੀ ਹੈ ਜਿਸ ਦੇ ਸ਼ੁਰੂ ਹੋਣ ਤੋਂ 24-35 ਘੰਟਿਆਂ ਬਾਅਦ ਅੰਡੇਦਾਨੀ ਵਿੱਚੋਂ ਅੰਡਾ ਨਿਕਲਦਾ ਹੈ। ਅੰਡੇਦਾਨੀ ਵਿੱਚੋਂ ਅੰਡਾ ਨਿਕਲਣ ਤੋਂ ਬਾਅਦ ਅੰਡੇ ਦੀ ਜ਼ਿੰਦਗੀ 8-10 ਘੰਟੇ ਹੁੰਦੀ ਹੈ, ਜਦੋਂ ਕਿ ਅੰਡਾ ਟਿਊਬ ਵਿੱਚੋਂ ਗੁਜ਼ਰਦਾ ਹੈ। ਮਸਨੂਈ ਗਰਭਦਾਨ ਤੋਂ ਬਾਅਦ ਸ਼ੁਕਰਾਣੂਆਂ ਦੀ ਜ਼ਿੰਦਗੀ ਬੱਚੇਦਾਨੀ ਵਿੱਚ 18-24 ਘੰਟੇ ਹੁੰਦੀ ਹੈ। ਜਿਸ ਵਿੱਚ ਸ਼ੁਰੂ ਵਾਲੇ 6-8 ਘੰਟੇ ਦੌਰਾਨ ਸ਼ੁਕਰਾਣੂ ਅੰਡੇ ਨਾਲ ਮਿਲਣ ਦੀ ਤਿਆਰੀ ਕਰਦੇ ਹਨ ਅਤੇ ਫਿਰ ਸ਼ੁਕਰਾਣੂ ਬੱਚੇਦਾਨੀ ਤੋਂ ਚੱਲ ਕੇ ਟਿਊਬ ਵਿੱਚ ਪਹੁੰਚਦੇ ਹਨ। ਅੰਡੇ ਅਤੇ ਸ਼ੁਕਰਾਣੂ ਦੇ ਸਹੀ ਮਿਲਾਪ ਅਤੇ ਪਸ਼ੂ ਦੇ ਗਰਭ ਠਹਿਰਣ ਦੀ ਸੰਭਾਵਨਾ, ਉਸ ਵੇਲੇ ਜ਼ਿਆਦਾ ਹੁੰਦੀ ਹੈ, ਜਦੋਂ ਹੇਹੇ 'ਚ ਆਇਆ ਪਸ਼ੂ ਦੂਸਰੇ ਪਸ਼ੂ ਨੂੰ ਆਪਣੇ ਉੱਪਰ ਚੜ੍ਹਨ ਦੇਣ ਵਾਲੀ ਨਿਸ਼ਾਨੀ ਦਿਖਾਵੇ ਅਤੇ ਇਸ ਨਿਸ਼ਾਨੀ ਤੋਂ ਲੈ ਕੇ ਹੇਹਾ ਖਤਮ ਹੋਣ ਤੋਂ 6 ਘੰਟੇ ਦੇ ਅੰਦਰ ਅੰਦਰ ਹੀ ਮਸਨੂਈ ਗਰਭਦਾਨ ਕੀਤਾ ਜਾਵੇ। ਇਹਨ੍ਹਾਂ ਪਸ਼ੂਆਂ ਵਿੱਚ ਸਵੇਰੇ ਸ਼ਾਮ ਜਾਂ ਸ਼ਾਮ ਸਵੇਰੇ ਦੀ (AM-PM Rule) ਮਸਨੂਈ ਗਰਭਦਾਨ ਦੀ ਵਿਧੀ ਲਾਗੂ ਕੀਤੀ ਜਾ ਸਕਦੀ ਹੈ।

**ਮਸਨੂਈ ਗਰਭਦਾਨ ਦੇ ਮੁੱਖ ਫਾਇਦੇ** :

★ ਮਾਲੀ ਤੋਂ ਇਕ ਵਾਰ ਪ੍ਰਾਪਤ ਵੀਰਜ ਵਿੱਚੋਂ 100-150 ਮਸਨੂਈ ਟੀਕੇ ਬਣਦੇ ਹਨ।

★ ਚੰਗੀ ਕਿਸਮ ਦੇ ਮਾਲੀ ਦਾ ਪੂਰਾ ਫਾਇਦਾ ਉਠਾਇਆ ਜਾ ਸਕਦਾ ਹੈ।

★ ਮਾਲੀ ਨੂੰ ਪਾਲਣ ਅਤੇ ਦੇਖਭਾਲ ਦੀ ਮਿਹਨਤ ਦਾ ਖਰਚਾ ਬਚਦਾ ਹੈ।

★ ਇਸ ਪ੍ਰਕਿਰਿਆ ਦੁਆਰਾ ਵੀਰਜ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਲੈ ਕੇ ਜਾਣਾ ਸੌਖਾ ਹੈ।

★ ਇਸ ਵਿਧੀ ਨਾਲ ਇਨਬਰੀਡਿੰਗ (ਪਸ਼ੂਆਂ ਦੇ ਨੇੜਲੇ ਰਿਸ਼ਤੇ ਨਾਲ ਮਿਲਾਪ) ਨੂੰ ਰੋਕਿਆ ਜਾ ਸਕਦਾ ਹੈ।

★ ਮਸਨੂਈ ਗਰਭਦਾਨ ਨਾਲ ਪ੍ਰਜਨਣ ਬਿਮਾਰੀਆਂ (ਬਰੂਸੀਲੋਸਿਸ, ਵਿਬਰਿਓਸਿਸ, ਆਈ. ਬੀ. ਆਰ. ਟ੍ਰਾਈਕੋਮੇਲੀਏਸਿਸ) ਨੂੰ ਰੋਕਿਆ ਜਾ ਸਕਦਾ ਹੈ।

★ ਇਸ ਵਿਧੀ ਨਾਲ ਨਸਲ ਸੁਧਾਰ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਸਕਦਾ ਹੈ।

**ਆਸ ਕਰਵਾਉਣ ਤੋਂ ਗੱਭਣ ਪਸ਼ੂ ਦੀ ਸਾਂਭ-ਸੰਭਾਲ ਦੇ ਖਾਸ ਨੁਕਤੇ** :

★ ਆਸ ਕਰਵਾਉਣ ਦੀ ਮਿਤੀ ਲਿਖਣਾ।

★ ਅਗਲੇ ਦੋ ਬਾਹੀਏ ਲਵੇਰੀ ਨੂੰ ਹੇਹੇ ਦੀਆਂ ਨਿਸ਼ਾਨੀਆਂ ਲਈ ਗਹੁ ਨਾਲ ਤੱਕਣਾ।

★ 90 ਦਿਨਾਂ ਉੱਪਰ ਗਰਭ ਚੈੱਕ ਕਰਵਾਉਣਾ।

★ ਸੂਣ ਦੀ ਅੰਦਾਜ਼ਨ ਮਿਤੀ ਤੋਂ ਦੋ ਮਹੀਨੇ ਪਹਿਲਾਂ ਦੁੱਧੋਂ ਭਜਾਉਣਾ।

★ ਦੁੱਧੋਂ ਭਜਾਉਣ ਸਮੇਂ ਲੋੜ ਮੁਤਾਬਕ ਵੰਡ ਪਾਉਣਾ।

★ ਸੂਣ ਤੋਂ ਦੋ ਹਫਤੇ ਪਹਿਲਾਂ ਕੈਲਸ਼ੀਅਮ ਬੰਦ ਕਰਨਾ।



## ਸੂਣ ਵਾਲੇ ਪਸ਼ੂ ਦਾ ਧਿਆਨ ਰੱਖਣਾ

★ ਪਸ਼ੂਆਂ ਵਿੱਚ ਸੂਣ ਦਾ ਸਮਾਂ ਬਹੁਤ ਹੀ ਨਾਜ਼ੁਕ ਹੁੰਦਾ ਹੈ।

★ ਸੂਅ ਰਹੇ ਪਸ਼ੂ ਨੂੰ 15 ਦਿਨ ਪਹਿਲਾਂ ਕਿਸੇ ਅਲੱਗ, ਸਾਫ-ਸੁਥਰੀ ਅਤੇ ਨਰਮ ਜਗ੍ਹਾ ਤੇ ਰੱਖਣਾ ਚਾਹੀਦਾ ਹੈ। ਇਸ ਲਈ ਫਰਸ਼ ਉੱਤੇ ਪਰਾਲੀ ਦੀ ਤਹਿ ਵਿਛਾ ਦੇਣੀ ਚਾਹੀਦੀ ਹੈ।

★ ਸੂਣ ਤੋਂ ਪਹਿਲਾਂ ਚੱਢੇ ਦਾ ਸਾਇਜ਼ ਵੱਧ ਜਾਂਦਾ ਹੈ, ਜਿਸ ਕਰਕੇ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਸੱਟ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ।

★ ਸੂਣ ਦੇ ਦੌਰਾਨ ਪਸ਼ੂ ਨੂੰ ਆਪਣੀ ਨਿਗਰਾਨੀ ਹੇਠ ਰੱਖਣਾ ਚਾਹੀਦਾ ਹੈ ਤਾਂ ਕਿ ਜੇ ਕਿਸੇ ਮੁੱਢਲੀ ਸਹਾਇਤਾ ਦੀ ਲੋੜ ਹੋਵੇ ਤਾਂ ਉਸ ਨੂੰ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ।

★ ਸੂਣ ਦੀ ਪ੍ਰਕਿਰਿਆ ਨੂੰ ਆਪਣੇ ਆਪ ਕੁਦਰਤੀ ਤਰੀਕੇ ਨਾਲ ਹੋਣ ਦਿਓ।

★ ਪਰ ਜੇਕਰ ਸੂਣ ਦੀ ਪ੍ਰਕਿਰਿਆ ਦੌਰਾਨ ਵਿੱਚ ਕੋਈ ਮੁਸ਼ਕਿਲ ਆਵੇ ਤਾਂ ਤੁਰੰਤ ਕਿਸੇ ਵੈਟਨਰੀ ਡਾਕਟਰ ਨੂੰ ਸਹਾਇਤਾ ਲਈ ਬੁਲਾਇਆ ਜਾਵੇ। ਸੂਣ ਤੋਂ ਬਾਅਦ ਗਾਂ/ਮੱਝ ਨੂੰ ਸਾਫ-ਸੁਥਰਾ ਤਾਜ਼ਾ ਗਰਮ ਪਾਣੀ ਗਰਮੀਆਂ ਵਿੱਚ ਅਤੇ ਕੋਸਾ ਪਾਣੀ ਸਰਦੀਆਂ ਵਿੱਚ ਦੇਣਾ ਚਾਹੀਦਾ ਹੈ।

★ ਜੇ ਜੇਰ ਅੜ ਜਾਵੇ ਤਾਂ 8-12 ਘੰਟੇ ਬਾਅਦ ਵੀ ਨਾ ਪਵੇ ਤਾਂ ਵੈਟਰਨਰੀ ਡਾਕਟਰ ਨੂੰ ਬੁਲਾਇਆ ਜਾਵੇ।

★ ਜ਼ਿਆਦਾ ਦੁੱਧ ਦੇਣ ਵਾਲੇ ਪਸ਼ੂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਸ ਵਿੱਚ ਕੈਲਸ਼ੀਅਮ ਦੀ ਘਾਟ ਨਾ ਹੋ ਜਾਵੇ। ਅਜਿਹਾ ਹੋਣ ਦੀ ਸੂਰਤ ਵਿੱਚ ਪਸ਼ੂ ਬੈਠ ਜਾਂਦਾ ਹੈ ਅਤੇ ਇਲਾਜ ਲਈ ਵੈਟਰਨਰੀ ਡਾਕਟਰ ਨੂੰ ਬੁਲਾਇਆ ਜਾਵੇ।

### ਜਿਸ ਨੇ ਪਿੰਡਾਂ ਦੀ ਨੁਹਾਰ ਬਦਲੀ

# ਪੀ.ਏ.ਯੂ. ’ਚ ਲੱਗਦਾ ਕਿਸਾਨ ਮੇਲਾ ਡਾ. ਐੱਮ ਐੱਸ ਰੰਧਾਵਾ ਦੀ ਯਾਦ ਦਿਵਾ ਦੇਂਦਾ ਹੈ



**ਮਨਮੋਹਨ ਸਿੰਘ ਦਾਊਂ**
ਮੋ. 98151-23900

ਡਾ. ਮਹਿੰਦਰ ਸਿੰਘ ਰੰਧਾਵਾ ਇਕ ਬਹੁ-ਪੱਖੀ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੀ ਸ਼ਖਸੀਅਤ ਦੇ ਮਾਲਕ ਸਨ। ਪੰਜਾਬ ਦੇ ਸੱਭਿਆਚਾਰ ਦਾ ਛੇਵਾਂ ਦਰਿਆ ਕਰਕੇ ਵੀ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਐੱਮ ਐੱਸ ਸੀ, ਪੀ ਐੱਚ ਡੀ ਅਤੇ ਡੀ ਐੱਸ ਸੀ ਦੀ ਯੋਗਤਾ ਪ੍ਰਾਪਤ ਕੀਤੀ ਅਤੇ ਅੰਗਰੇਜ਼ਾਂ ਦੇ ਰਾਜ ਸਮੇਂ 1934 ‘ਚ ਲੰਡਨ ਤੋਂ ਆਈ ਸੀ ਐੱਸ ਕੀਤੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਾਕਿਸਤਾਨ (ਲਹਿੰਦੇ ਪੰਜਾਬ) ਤੋਂ

**ਪੰਜਾਬ ਦੇ ਅਸਲ ਕੰਮ ਉਦੋਂ ਸ਼ੁਰੂ ਹੋਏ ਡਾ. ਰੰਧਾਵਾ ਨੂੰ ਜਲੰਧਰ ਦਾ ਡਿਪਟੀ ਕਮਿਸ਼ਨਰ ਬਣਾਇਆ ਗਿਆ। ਉਨ੍ਹਾਂ ਨੇ ਸ਼ਰਨਾਰਥੀਆਂ ਲਈ ਜ਼ਮੀਨਾਂ ਦੀ ਅਲਾਟਮੈਂਟ ਦੇ ਕੰਮ ਨੂੰ ਬੜੀ ਦਿਆਨਤਦਾਰੀ ਤੇ ਸੁਹਿਰਦਤਾ ਨਾਲ ਸਿਰੇ ਚਾੜ੍ਹਿਆ। ਲੋਕੀਂ ਸਿੱਧੇ ਉਨ੍ਹਾਂ ਕੋਲ ਜਾਂਦੇ ਤੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਤੁਰੰਤ ਨਜਿੱਠਦੇ ਕਿਉਂਕਿ ਉਨ੍ਹਾਂ ਨੂੰ ਪੇਂਡੂ-ਲੋਕਾਂ ਨਾਲ ਬਹੁਤ ਹਮਦਰਦੀ ਸੀ। ਉਹ ਇਹ ਗੱਲ ਸਮਝਦੇ ਸਨ ਕਿ ਕਿਸਾਨ ਨੂੰ ਜ਼ਮੀਨ ਆਪਣੀ ਮਾਂ ਨਾਲੋਂ ਵੀ ਵੱਧ ਪਿਆਰੀ ਹੁੰਦੀ ਹੈ। ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਕਿਸਾਨੀ ਹੋਣ ਕਾਰਨ ਉਹ ਪਿੰਡਾਂ ਦੀ ਨੁਹਾਰ ਬਦਲਣਾ ਚਾਹੁੰਦੇ ਸਨ। ਉੱਜੜ ਕੇ ਆਏ ਵਿਰਕ ਪਰਿਵਾਰਾਂ ਨੂੰ ਕਰਨਾਲ ਜ਼ਿਲ੍ਹੇ ਵਿਚ ਧਾਨ ਦੀ ਖੇਤੀ ਸ਼ੁਰੂ ਕਰਵਾਈ। ਇੰਜ ਹਰਿਆਣਾ ਵਿਚ ਹਰੀ-ਕ੍ਰਾਂਤੀ ਦਾ ਮੁੱਢ ਬੱਝਿਆ। ਪੰਜਾਬ ਵਿਚ ਖੇਤੀਬਾੜੀ ’ਚ ਖੜੋਤ ਆ ਗਈ ਸੀ ਪਿੰਡਾਂ ਨੂੰ ਨਵੀਂ ਦਿਸ਼ਾ ਦੇਣ ਲਈ ਜਲੰਧਰ ਵਿਚ ਖੇਤੀ ਦੇ ਸੰਦਾਂ ਦਾ ਮੇਲਾ ਲਾਇਆ। ਬਿਜਲੀ ਦੀਆਂ ਮੋਟਰਾਂ ਅਤੇ ਪਾਣੀ ਦੇ ਪੰਪਾਂ ਭਾਵ ਟਿਊਬਵੈੱਲ ਬਾਰੇ ਜਾਣਕਾਰੀ ਦਿਵਾਈ।**

ਆਏ ਸ਼ਰਨਾਰਥੀਆਂ ਦੇ ਮੁੜ-ਵਸੇਬੇ ਦਾ ਅਤਿ ਕਠਿਨ ਕਾਰਜ ਕਰਕੇ ਉਨ੍ਹਾਂ ਦੀ ਭਾਰਤ ‘ਚ ਪ੍ਰਸਿੱਧੀ ਹੋਈ। ਪੰਜਾਬ ਵਿਚ ਉੱਚ ਅਹੁਦਿਆਂ ‘ਤੇ ਰਹਿਣ ਦੌਰਾਨ ਉਨ੍ਹਾਂ ਪੰਜਾਬ ਦੇ ਪਿੰਡਾਂ ਦੇ ਵਿਕਾਸ ਤੇ ਖੁਸ਼ਹਾਲੀ ਲਈ ਜੋ ਯੋਜਨਾਵਾਂ ਬਣਾਈਆਂ ਅਤੇ ਪ੍ਰਯੋਗੀ ਕੰਮ ਕੀਤੇ, ਉਨ੍ਹਾਂ ਵੱਲ ਝਾਤੀ ਮਾਰਿਆਂ, ਉਸ ਨੂੰ ਪੰਜਾਬ ਦਾ ਸੁਪਨਸਾਜ਼ ਕਹਿਣਾ ਬਹੁਤ ਉਚਿਤ ਹੈ। ਪੰਜਾਬ ਦੇ ਅਸਲ ਕੰਮ ਉਦੋਂ ਸ਼ੁਰੂ ਹੋਏ ਡਾ. ਰੰਧਾਵਾ ਨੂੰ ਜਲੰਧਰ ਦਾ ਡਿਪਟੀ ਕਮਿਸ਼ਨਰ ਬਣਾਇਆ ਗਿਆ। ਉਨ੍ਹਾਂ ਨੇ ਸ਼ਰਨਾਰਥੀਆਂ ਲਈ ਜ਼ਮੀਨਾਂ ਦੀ ਅਲਾਟਮੈਂਟ ਦੇ ਕੰਮ ਨੂੰ ਬੜੀ ਦਿਆਨਤਦਾਰੀ ਤੇ ਸੁਹਿਰਦਤਾ ਨਾਲ ਸਿਰੇ ਚਾੜ੍ਹਿਆ। ਲੋਕੀਂ ਸਿੱਧੇ ਉਨ੍ਹਾਂ ਕੋਲ ਜਾਂਦੇ ਤੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਤੁਰੰਤ ਨਜਿੱਠਦੇ ਕਿਉਂਕਿ ਉਨ੍ਹਾਂ ਨੂੰ ਪੇਂਡੂ-ਲੋਕਾਂ ਨਾਲ ਬਹੁਤ ਹਮਦਰਦੀ ਸੀ। ਉਹ ਇਹ ਗੱਲ ਸਮਝਦੇ ਸਨ ਕਿ ਕਿਸਾਨ ਨੂੰ ਜ਼ਮੀਨ ਆਪਣੀ ਮਾਂ ਨਾਲੋਂ ਵੀ ਵੱਧ ਪਿਆਰੀ ਹੁੰਦੀ ਹੈ। ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਕਿਸਾਨੀ ਹੋਣ ਕਾਰਨ ਉਹ ਪਿੰਡਾਂ ਦੀ ਨੁਹਾਰ ਬਦਲਣਾ ਚਾਹੁੰਦੇ ਸਨ। ਉੱਜੜ ਕੇ ਆਏ ਵਿਰਕ ਪਰਿਵਾਰਾਂ ਨੂੰ ਕਰਨਾਲ ਜ਼ਿਲ੍ਹੇ ਵਿਚ ਧਾਨ ਦੀ ਖੇਤੀ ਸ਼ੁਰੂ ਕਰਵਾਈ। ਇੰਜ ਹਰਿਆਣਾ ਵਿਚ ਹਰੀ-ਕ੍ਰਾਂਤੀ ਦਾ ਮੁੱਢ ਬੱਝਿਆ। ਪੰਜਾਬ ਵਿਚ ਖੇਤੀਬਾੜੀ ‘ਚ ਖੜੋਤ ਆ ਗਈ ਸੀ ਪਿੰਡਾਂ ਨੂੰ ਨਵੀਂ ਦਿਸ਼ਾ ਦੇਣ ਲਈ ਜਲੰਧਰ ਵਿਚ ਖੇਤੀ ਦੇ ਸੰਦਾਂ ਦਾ ਮੇਲਾ ਲਾਇਆ। ਬਿਜਲੀ ਦੀਆਂ ਮੋਟਰਾਂ ਅਤੇ ਪਾਣੀ ਦੇ ਪੰਪਾਂ ਭਾਵ ਟਿਊਬਵੈੱਲ ਬਾਰੇ ਜਾਣਕਾਰੀ ਦਿਵਾਈ।

ਜ਼ਿਮੀਂਦਾਰਾਂ ਨੂੰ ਕਰਜ਼ੇ ਦੇ ਕੇ ਵਿਗਿਆਨਕ ਢੰਗ ਨਾਲ ਖੇਤੀ ਦੇ ਰਾਹ ‘ਤੇ ਤੋਰਿਆ। ਅੰਬਾਲੇ ਡੀ ਸੀ ਰਹਿੰਦਿਆਂ ਉਨ੍ਹਾਂ ਮਹਿਸੂਸ ਕੀਤਾ ਕਿ ਪਿੰਡਾਂ ਵਿਚ ਅਨਪੜ੍ਹਤਾ ਬਹੁਤ ਹੈ। ਜੇਕਰ ਪੇਂਡੂ ਲੋਕਾਂ ਨੂੰ ਆਧੁਨਿਕ ਤੇ ਵਿਗਿਆਨਕ ਖੇਤੀ ਵੱਲ ਤੋਰਨਾ ਹੈ ਤਾਂ ਸਮੇਂ ਦਾ ਸਾਹਿਤ ਪੜ੍ਹਨਾ ਜ਼ਰੂਰੀ ਹੈ। ਉਦੋਂ ਪੰਜਾਬ ਦੇ ਰੋਹਤਕ, ਗੁੜਗਾਓਂ ਅਤੇ ਹਿਸਾਰ ਜ਼ਿਲ੍ਹਿਆਂ ਵਿਚ ਕਈ ਸਕੂਲਾਂ ਵਿਚ ਲਾਇਬ੍ਰੇਰੀਆਂ ਖੋਲ੍ਹੀਆਂ। ਸਭ ਤੋਂ ਪਹਿਲੀ ਲਾਇਬ੍ਰੇਰੀ ਮਿਊਂਸੀਪਲ ਕਮੇਟੀ ਦੀ ਸਹਾਇਤਾ ਨਾਲ ਅੰਬਾਲਾ ‘ਚ ਖੋਲ੍ਹੀ ਜਿਸ ਦਾ ਨਾਂ ਗੁਰੂ ਗੋਬਿੰਦ ਸਿੰਘ ਲਾਇਬ੍ਰੇਰੀ ਰੱਖਿਆ। ਪਿੰਡ ਲਾਂਡਰਾਂ ਅਤੇ ਖਾਲਸਾ ਸਕੂਲ ਖਰੜ ਵਿਖੇ ਲਾਇਬ੍ਰੇਰੀ ਅਤੇ ਆਰਟ-ਗੈਲਰੀ ਦੀ ਸਥਾਪਨਾ ਕੀਤੀ ਜਿਸ ਨੂੰ ਵੇਖਣ ਲਈ ਲੋਕ ਆਉਂਦੇ ਸਨ। ਕਿਸਾਨਾਂ ਦੇ ਟੁਕੜੇ-ਟੁਕੜੇ ਹੋਏ ਖੇਤਾਂ ਨੂੰ ਚੱਕਬੰਦੀ (ਮੁਰੱਬਾ ਬੰਦੀ) ਰਾਹੀਂ ਇਕ ਟੁਕੜੇ ਅਧੀਨ ਸੰਗਠਿਤ ਕਰ ਕੇ ਖੇਤੀਬਾੜੀ ਨੂੰ ਨਵੀਂ ਦਿਸ਼ਾ ਦਿੱਤੀ ਤਾਂ ਜੋ ਕਿਸਾਨ ਆਪਣੀ ਖੇਤੀ ਨੂੰ ਪ੍ਰਫੁੱਲਿਤ ਕਰ ਕੇ ਖੁਸ਼ਹਾਲ ਹੋ ਸਕੇ। ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਤੇ ਕਾਰਜ-ਸ਼ੈਲੀ ਤੋਂ ਬਹੁਤ ਪ੍ਰਭਾਵਿਤ ਸਨ। ਪਿੰਡਾਂ ਨੂੰ ਸੜਕਾਂ ਨਾਲ ਜੋੜਨਾ ਉਨ੍ਹਾਂ ਦਾ ਹੀ ਸੰਕਲਪ ਸੀ ਜਿਹੜਾ ਪੰਜਾਬ ਦੇ ਮੁੱਖ ਮੰਤਰੀ ਲਛਮਣ ਸਿੰਘ ਨੇ ਪ੍ਰਵਾਨ ਕੀਤਾ ਅਤੇ ਮਾਂ-ਬੋਲੀ ਪੰਜਾਬੀ ਨੂੰ ਰਾਜ-ਸੱਤਾ ਦਾ ਦਰਜਾ ਦਿਵਾਉਣ ਲਈ ਯਤਨ ਕੀਤਾ। ਡਾ. ਰੰਧਾਵਾ ਚਾਹੁੰਦੇ ਸਨ ਕਿ ਪੇਂਡੂ ਔਰਤਾਂ ਕਿਸਾਨੀ ਦੇ ਕੰਮ ਵਿਚ ਪੂਰਾ ਹੱਥ ਵਟਾਉਣ ਲਈ ਪੜ੍ਹੀਆਂ-ਲਿਖੀਆਂ ਹੋਣ। ਇਸ ਗੱਲ ਦੀ ਪੁਸ਼ਟੀ ਉਨ੍ਹਾਂ ਦੀ ਪੁਸਤਕ ‘ਆਪ-ਬੀਤੀ‘ (ਸਵੈ-ਜੀਵਨੀ) ਪੜ੍ਹ ਕੇ ਹੁੰਦੀ ਹੈ।

ਇਸ ਪੁਸਤਕ ਦਾ ਕਾਂਡ 57 ‘ਸਾਡਾ ਖੇਤੀ ਦਾ ਤਜਰਬਾ‘ ਵਿਚ ਡਾ. ਰੰਧਾਵਾ ਲਿਖਦੇ ਹਨ : ‘‘ਮੈਂ ਆਪਣੇ ਕੰਮ-ਕਾਜ ਦੇ ਰੁਝੇਵਿਆਂ ਕਾਰਨ ਆਪਣੇ ਬਾਗ ਤੇ ਖੇਤੀ ਵੱਲ ਆਪ ਬਹੁਤਾ ਧਿਆਨ ਨਹੀਂ ਸੀ ਦੇ ਸਕਦਾ, ਇਸ ਲਈ ਮੈਂ ਆਪਣੀ ਸੁਪਤਨੀ ਸ੍ਰੀਮਤੀ ਇਕਬਾਲ ਕੌਰ ਨੂੰ ਸੌਂਪਿਆ।‘‘ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਡਾ. ਰੰਧਾਵਾ ਨੇ ਆਪਣੀ ਰਿਹਾਇਸ਼ ਵੀ ਖਰੜ-ਖਾਨਪੁਰ ਗਾਰਡਨ ਕਾਲੋਨੀ ਵਿਚ ਹੀ ਰੱਖੀ ਜਿੱਥੇ ਉਹ ਕੁੱਝ ਏਕੜ ਜ਼ਮੀਨ ਵਿਚ ਖੇਤੀਬਾੜੀ ਤੋਂ ਬਾਗਬਾਨੀ ਕਰਵਾਉਂਦੇ ਸਨ। ਚੰਡੀਗੜ੍ਹ ਦੇ ਪਹਿਲੇ ਚੀਫ-ਕਮਿਸ਼ਨਰ ਹੁੰਦਿਆਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਦੀ ਪਦਵੀ ‘ਤੇ ਰਹਿੰਦਿਆਂ ਪਿੰਡਾਂ ਦੀ ਖੁਸ਼ਹਾਲੀ ਦੀਆਂ ਹੀ ਯੋਜਨਾਵਾਂ ਉਲੀਕੀਆਂ ਤੇ ਵੱਧ ਤੋਂ ਵੱਧ ਕਿਸਾਨਾਂ ਨੂੰ ਨਵਾਂ ਗਿਆਨ ਦੇਣ ਦੀ ਪੂਰੀ ਕੋਸ਼ਿਸ਼ ਕੀਤੀ। ਖੇਤੀਬਾੜੀ ਖੋਜ-ਸੰਸਥਾ ਵਿਚ ਵਾਈਸ ਪ੍ਰੈਜ਼ੀਡੈਂਟ ਵਜੋਂ ਕੰਮ ਕਰਦਿਆਂ ਅਮਰੀਕਾ ਆਦਿ ਤੋਂ ਭਰਵੀਂ ਖੇਤੀ ਦੇ ਚੰਗੇ ਬੀਜ ਮੰਗਵਾਏ ਤੇ ਪਿੰਡਾਂ ‘ਚ ਕਾਸ਼ਤ ਕਰਵਾਈ। ਬੀਜਾਂ ਤੋਂ ਅਗਾਂਹ ਵਧੇਰੇ ਬੀਜ ਤਿਆਰ ਕਰਵਾ ਕੇ ਵੱਧ ਝਾੜ ਵਾਲੀਆਂ ਫਸਲਾਂ ਤਿਆਰ ਕਰਵਾਈਆਂ। ਪੀ. ਏ. ਯੂ. ਲੁਧਿਆਣਾ ਵਿਚ ਹਰ ਸਾਲ ਲੱਗਦਾ ਕਿਸਾਨ-ਮੇਲਾ ਡਾ. ਰੰਧਾਵਾ ਦੀ ਯਾਦ ਤਾਜ਼ਾ ਕਰਵਾ ਦੇਂਦਾ ਹੈ। ਉਨ੍ਹਾਂ ਨੇ ਪੰਜਾਬ ਵਿਚ ਰਸਾਇਣਕ ਖਾਦਾਂ ਦੀ ਵਰਤੋਂ ਸ਼ੁਰੂ ਕਰਵਾਈ। ਪੰਜਾਬ ਦੇ ਪਿੰਡਾਂ ਵਿਚ ਦੁੱਧ ਦੀਆਂ ਡੇਅਰੀਆਂ ਨੂੰ ਸਹਿਕਾਰਤਾ ਦੇ ਰਾਹ ਵੱਲ ਤੋਰ ਕੇ ਦੁੱਧ ਵੀ ਕਮਰਸ਼ੀਅਲ ਵਰਤੋਂ ਰਾਹੀਂ ਡੇਅਰੀ ਫਾਰਮ ਨੂੰ ਲਾਹੇਵੰਦ ਬਣਾਇਆ। ਮੁਰਗੀ-ਪਾਲਣ (ਪੋਲਟਰੀ-ਫਾਰਮ) ਨਹੀ ਪ੍ਰੇਰਿਆ। ਡਾ. ਰੰਧਾਵਾ ਨੇ ਅਨਾਜ ਪੱਖੋਂ ਕੰਗਾਲੀ ਦੇ ਦੌਰ ਵਿੱਚੋਂ ਲੰਘ ਰਹੇ ਪੰਜਾਬ ਨੂੰ ਖੁਸ਼ਹਾਲੀ ਦੇ ਮਾਰਗ ‘ਤੇ ਤੋਰਨ ‘ਚ ਵੱਡਮੁੱਲਾ ਯੋਗਦਾਨ ਵੀ ਪਾਇਆ। ਇਹ ਸ਼ਖਸੀਅਤ ਲਗਭਗ 50 ਸਾਲ ਪੰਜਾਬ ਦੇ ਖੇਤੀ ਸਭਿਆਚਾਰ ਦੀ ਸੁਹਜਾਤਮਕ ਆਧਾਰਾਂ ‘ਤੇ ਉਸਾਰੀ ਲਈ ਵਿਭਿੰਨ ਖੇਤਰਾਂ ਵਿਚ ਭਰਪੂਰ ਰੂਪ ਵਿਚ ਕਰਮਯੋਗੀ ਰਹੀ ਹੈ।

ਡਾ. ਰੰਧਾਵਾ ਦੀ ਵਿਕਾਸ-ਮੁਖੀ ਸੋਚ ਸੀ ਕਿ ਪੰਜਾਬ ਦਾ ਹਰ ਪਿੰਡ ਆਦਰਸ਼ ਹੋਵੇ। ਘਰ ਪੱਕੇ ਤੇ ਆਧੁਨਿਕ ਸਹੂਲਤਾਂ ਵਾਲੇ ਹੋਣ, ਸਕੂਲ ਹੋਵੇ, ਲਾਇਬ੍ਰੇਰੀ ਹੋਵੇ, ਕਮਿਊਨਿਟੀ ਸੈਂਟਰ ਹੋਵੇ, ਔਰਤਾਂ ਨੂੰ ਮਿਲ-ਬੈਠਣ ਲਈ ਸੰਸਥਾਵਾਂ ਹੋਣ, ਬਜ਼ੁਰਗਾਂ ਲਈ ਸੁੱਖ-ਆਰਾਮ ਹੋਵੇ, ਖੇਡ-ਮੈਦਾਨ ਹੋਣ, ਪਸ਼ੂ ਹਸਪਤਾਲ ਹੋਣ, ਲੋਕ-ਕਲਾਵਾਂ ਤੇ ਲੋਕ-ਗੀਤਾਂ ਦੀ ਸੰਭਾਲ ਹੋਵੇ, ਵਿਰਸੇ ਤੇ ਸਭਿੱਆਚਾਰ ਦੇ ਅਜਾਇਬਘਰ ਹੋਣ। ਇਸ ਨਜ਼ਰੀਏ ਦਾ ਸਬੂਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਡਾ. ਰੰਧਾਵਾ ਵੱਲੋਂ ਸਥਾਪਤ ਕੀਤਾ ‘ਪੇਂਡੂ ਸਭਿੱਆਚਾਰ ਅਜਾਇਬਘਰ‘ ਵੇਖਣਯੋਗ ਹੈ। ਗ੍ਰਾਮ ਸੁਧਾਰ ਦੀ ਲਹਿਰ ਤੋਰੀ। ਪਿੰਡਾਂ ‘ਚ ਪੰਚਾਇਤ ਘਰ ਬਣਵਾਏ, ਰੇਡੀਓ ਲਵਾਏ ਆਦਿ-ਆਦਿ। ਨਵੇਂ-ਨਵੇਂ ਤੇ ਸੁੰਦਰ ਰੁੱਖਾਂ ਨਾਲ ਪੰਜਾਬ ਨੂੰ ਸੁੰਦਰਤਾ ਪ੍ਰਦਾਨ ਕੀਤੀ। ਪੰਜਾਬ ਦੀ ਕਿਸਾਨੀ ਦੀ ਅਧੋਗਤੀ ਤੇ ਸੰਕਟ ਨੂੰ ਦੂਰ ਕਰਨ ਲਈ ਅੱਜ ਡਾ. ਐੱਮ ਐੱਸ ਰੰਧਾਵਾ ਵਰਗੀ ਨਿਰਮਲ, ਉਸਾਰੂ, ਬੇਦਾਗ ਤੇ ਵਿਗਿਆਨਕ ਸੋਚ ਵਾਲੀ ਹਸਤੀ ਦੀ ਲੋੜ ਹੈ।

# ਹੁਸ਼ਿਆਰਪੁਰ ਜ਼ਿਲ੍ਹੇ ਦਾ ਸਫਲ ਕਿੰਨੂ ਉਤਪਾਦਕ : ਸ. ਮਲਕੀਤ ਸਿੰਘ ਢੱਟ

ਸ. ਮਲਕੀਤ ਸਿੰਘ ਢੱਟ (ਉਮਰ 65 ਸਾਲ) ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਢੱਟ ਦੇ ਵਸਨੀਕ ਹਨ। ਉਸਨੂੰ ਸੰਨ 1985 ਵਿਚ ਪਹਿਲੀ ਵਾਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਜਾਣ ਦਾ ਮੌਕਾ ਮਿਲਿਆ। ਪੀ ਏ ਯੂ ਮਾਹਿਰਾਂ ਦੀ ਸਲਾਹ ਅਨੁਸਾਰ ਸਿਫਾਰਿਸ਼ਾਂ ਦੀ ਪਾਲਣਾ ਕਰਦਿਆਂ ਉਸ ਨੇ ਸਾਲ 2005 ਵਿਚ 11 ਏਕੜ ਰਕਬੇ ਵਿਚ ਕਿੰਨੂ ਦਾ ਬਾਗ ਲਗਾਇਆ ਜਿਸ ਵਿੱਚੋਂ 4 ਏਕੜ ਰਕਬੇ ਤੇ ਤੁਪਕਾ ਸਿੰਚਾਈ ਵਿਧੀ ਅਪਣਾਈ।

ਬੂਟੇ ਲਗਾਉਣ ਤੋਂ 3 ਸਾਲ ਬਾਅਦ ਹੀ ਫਲ ਲੱਗਣੇ ਸ਼ੁਰੂ ਹੋ ਗਏ ਅਤੇ ਉਸ ਨੇ ਬਾਗ ਦੀ ਉਪਜ ਦੀ ਨਿਲਾਮੀ ਕੀਤੀ। ਉਸ ਤੋਂ ਬਾਅਦ ਹਰ ਸਾਲ ਆਪਣੇ ਬਾਗ ਦੀ ਨਿਲਾਮੀ ਕਰਨ ਦੇ ਨਾਲ-ਨਾਲ ਉਹ ਖੁਦ ਵੀ ਮੰਡੀਕਰਨ ਕਰਦਾ ਰਿਹਾ।

ਇਨ੍ਹਾਂ ਵਿਚੋਂ ਸ. ਮਲਕੀਤ ਸਿੰਘ ਢੱਟ ਹੀ ਅਜਿਹੇ ਬਾਗਵਾਨ ਹਨ ਜਿਨ੍ਹਾਂ ਦੇ ਮੁਨਾਫੇ ਦਾ ਪਰ ਹਰ ਸਾਲ ਵੱਧ ਰਹੀ ਹੈ ਤੇ ਉਹਨਾਂ ਨੂੰ ਕਦੇ ਵੀ ਕੋਈ ਨੁਕਸਾਨ ਨਹੀਂ ਹੋਇਆ। ਇਸ ਤੋਂ ਉਤਸ਼ਾਹਿਤ ਹੋ ਕੇ ਹੁਣ ਉਹਨਾਂ ਨੇ 3 ਏਕੜ ਰਕਬੇ ਵਿੱਚ ਕਿੰਨੂ ਅਤੇ 2 ਏਕੜ ਰਕਬੇ ਵਿੱਚ ਮੁਸੰਮੀ ਦਾ ਨਵਾਂ ਬਾਗ ਲਗਾਇਆ ਹੈ। ਪਿਛਲੇ ਕੁਝ ਸਾਲਾਂ ਤੋਂ ਉਹਨਾਂ ਦੇ ਬਾਗ ਔਸਤਨ 1.3 ਲੱਖ ਤੋਂ 1.5 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਠੇਕੇ ਦੇ ਵਿੱਕ ਜਾਂਦਾ ਹੈ ਅਤੇ ਉਹਨਾਂ ਨੂੰ 70000 ਤੋਂ 80000 ਤੱਕ ਪ੍ਰਤੀ ਏਕੜ ਦੇ ਹਿਸਾਬ ਨਾਲ ਔਸਤਨ ਮੁਨਾਫਾ ਹੋ ਰਿਹਾ ਹੈ। ਪਿਛਲੇ ਤਿੰਨ ਸਾਲਾਂ ਤੋਂ ਉਹ ਕਿੰਨੂ ਦੀ ਖੇਤੀ ਨਾਲ ਸਬੰਧਤ ਵੱਖ-ਵੱਖ ਸਵਾਲਾਂ ਦੇ ਸਬੰਧ ਵਿਚ ਫਾਰਮ ਸਲਾਹਕਾਰ ਸੇਵਾ ਕੇਂਦਰ ਗੰਗੀਆਂ ਨਾਲ ਨਿਯਮਤ ਸੰਪਰਕ ਵਿਚ ਹਨ। ਉਹ ਸਿਟਰਸ ਅਸਟੇਟ ਭੂੰਗਾ ਦੇ ਸਰਗਰਮ ਮੈਂਬਰ ਵੀ ਹਨ। ਉਹ ਪੀ ਏ ਯੂ ਦੁਆਰਾ ਸਿਫਾਰਸ਼ ਕੀਤੀਆਂ ਸਾਰੀਆਂ ਨਵੀਆਂ ਤਕਨੀਕਾਂ ਨੂੰ ਅਪਣਾਉਂਦੇ ਹਨ ਤੇ ਨਿਯਮਤ ਤੌਰ ਤੇ ਕਿਸਾਨ ਮੇਲਿਆਂ ਵਿਚ ਜਾਂਦੇ ਹਨ। ਕਿੰਨੂ ਦੀ ਕਾਸ਼ਤ ਵਿਚ ਸਫਲਤਾ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਉਹ ਖੁਦ ਪੀ ਏ ਯੂ ਦੀਆਂ ਸਿਫਾਰਸ਼ਾਂ ਅਨੁਸਾਰ ਸਾਰੇ ਬਾਗ ਪ੍ਰਬੰਧਨ ਕਾਰਜਾਂ ਨੂੰ ਸਮੇਂ ਸਿਰ ਸੰਭਾਲਦੇ ਹਨ ਜੋ ਕਿ ਇਸ ਖੇਤਰ ਦੇ ਬਹੁਤੇ ਕਿੰਨੂ ਉਤਪਾਦਕਾਂ ਦੁਆਰਾ ਨਹੀਂ ਕੀਤਾ ਜਾਂਦਾ ਹੈ ਅਤੇ ਉਹ ਪੂਰੀ ਤਰ੍ਹਾਂ ਠੇਕੇਦਾਰਾਂ ‘ਤੇ ਨਿਰਭਰ ਹਨ। ਠੇਕੇਦਾਰ ਕਿਸੇ ਵੀ ਸਿਫਾਰਸ਼ ਦੀ ਪਾਲਣਾ ਨਹੀਂ ਕਰਦੇ ਅਤੇ ਮਾਰਚ ਦੇ ਅੰਤ ਤੱਕ ਫਲਾਂ ਦੀ ਤੁੜਾਈ ਜਾਰੀ ਰੱਖਦੇ ਹਨ, ਜਿਸ ਕਾਰਨ ਕਿੰਨੂ ਦੇ ਬਾਗਾਂ ਦੀ ਗਿਰਾਵਟ ਆ ਰਹੀ ਹੈ।

ਕਿੰਨੂ ਦੀ ਖੇਤੀ ਤੋਂ ਇਲਾਵਾ ਉਹ ਗੰਨਾ, ਕਣਕ, ਆਲੂ, ਸਰ੍ਹੋਂ ਆਦਿ ਹੋਰ ਫਸਲਾਂ ਵੀ ਉਗਾਉਂਦੇ ਹਨ ਇਨ੍ਹਾਂ ਫਸਲਾਂ ਤੋਂ ਵੀ ਚੰਗਾ ਝਾੜ ਮਿਲ ਰਿਹਾ ਹੈ। ਉਹਨਾਂ ਨੇ ਆਪਣੀ ਲੋੜ ਅਨੁਸਾਰ ਖੇਤੀ ਮਸ਼ੀਨਰੀ ਨੂੰ ਵੀ ਸੋਧਿਆ ਹੈ, ਜਿਸ ਨਾਲ ਨਾ ਸਿਰਫ ਸਮੇਂ ਦੀ ਬੱਚਤ ਹੁੰਦੀ ਹੈ ਬਲਕਿ ਖੇਤੀ ਲਾਗਤ ਵੀ ਘਟਦੀ ਹੈ। ਉਹਨਾਂ ਨੇ ਆਪਣਾ ਸਾਇਲੇਜ਼ ਪਲਾਂਟ ਵੀ ਲਗਾਇਆ ਹੈ ਜਿਸ ਰਾਹੀਂ ਉਹ ਪਿਛਲੇ ਦਸ ਸਾਲਾਂ ਪਸ਼ੂਆਂ ਲਈ ਚਾਰਾ ਪ੍ਰਾਪਤ ਕਰ ਰਹੇ ਹਨ। ਹਾਲ ਹੀ ਵਿੱਚ ਉਹਨਾਂ ਨੂੰ ਕਿੰਨੂ ਦੀ ਗਰੇਡਿੰਗ ਲਈ ਇੱਕ ਗਰੇਡਿੰਗ ਮਸ਼ੀਨ ਵੀ ਖਰੀਦੀ ਹੈ। ਇਸ ਸਫਲਤਾ ਦਾ ਸਿਹਰਾ ਸ. ਮਲਕੀਤ ਸਿੰਘ ਢੱਟ ਦੇ ਸਿਰ ਹੀ ਨਹੀਂ ਬੱਝਦਾ, ਬਲਕਿ ਇਸ ਵਿੱਚ ਉਹਨਾਂ ਦੀ ਪਤਨੀ, ਬੇਟੀਆਂ, ਪੁੱਤਰ ਅਤੇ ਨੂੰਹ ਦਾ ਵੀ ਪੂਰਾ ਸਹਿਯੋਗ ਹੈ।

ਇਸ ਲੇਖ ਰਾਹੀਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸਾਨ ਭਰਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੀ ਏ ਯੂ ਦੀਆਂ ਸਿਫਾਰਸ਼ਾਂ ਅਨੁਸਾਰ ਬਾਗਾਂ ਅਤੇ ਖੇਤੀ ਨੂੰ ਸੰਭਾਲਣ ਤੇ ਵਧੇਰੇ ਮੁਨਾਫਾ ਕਮਾਉਣ।

**ਇੰਦਿਰਾ ਦੇਵੀ, ਚਰਨਜੀਤ ਕੌਰ ਅਤੇ ਰਾਕੇਸ਼ ਕੁਮਾਰ ਸ਼ਰਮਾ, ਫਾਰਮ ਸਲਾਹਕਾਰ ਸੇਵਾ ਕੇਂਦਰ, ਹੁਸ਼ਿਆਰਪੁਰ (ਗੰਗੀਆਂ)**
**ਮੋਬਾਇਲ : 94172-87920**



# ਪੰਜਾਬ ਨੇ ਕੌਮਾਂਤਰੀ ਪ੍ਰਵਾਸ ਵਿਚੋਂ ਕੀ ਖੱਟਿਆ-ਕੀ ਗੁਆਇਆ?

**ਡਾ. ਗਿਆਨ ਸਿੰਘ,**
**ਸਾਬਕਾ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ । (ਮੋ. 99156-82196)**

ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ ਹੀ ਮਨੁੱਖਾਂ ਦਾ ਪ੍ਰਵਾਸ ਸ਼ੁਰੂ ਹੋ ਗਿਆ ਸੀ । ਮਨੁੱਖ ਕੰਮ ਜਾਂ ਆਰਥਿਕ ਮੌਕਿਆਂ ਦੀ ਭਾਲ ਵਿਚ, ਪਰਿਵਾਰ ਵਿਚ ਸ਼ਾਮਿਲ ਹੋਣ, ਅਤੇ ਕੁਝ ਹੋਰ ਉਦੇਸ਼ਾਂ ਦੀ ਪੂਰਤੀ ਦੀ ਆਸ ਵਿਚ ਪ੍ਰਵਾਸ ਕਰਦੇ ਹਨ । ਇਸੇ ਤਰ੍ਹਾਂ, ਪ੍ਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ । ਮਨੁੱਖ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ, ਜਿਸ ਦੇ ਨਤੀਜੇ ਵਜੋਂ ਹੌਲੀ-ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ । ਮਨੁੱਖ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪ੍ਰਵਾਸ ਸ਼ੁਰੂ ਕੀਤਾ । ਜਨਸੰਖਿਆ ਦੇ ਵਧਣ ਅਤੇ ਵੱਖ-ਵੱਖ ਦੇਸ਼ਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪ੍ਰਵਾਸ ਹੋਂਦ ਵਿਚ ਆਇਆ । ਕੌਮਾਂਤਰੀ ਪ੍ਰਵਾਸ ਤੇਜ਼ੀ ਨਾਲ ਆਮ ਹੋ ਗਿਆ, ਲੱਖਾਂ ਮਨੁੱਖ ਵਿਦੇਸ਼ਾਂ ਵਿਚ ਬਿਹਤਰ ਮੌਕਿਆਂ ਦੀ ਭਾਲ ਵਿਚ ਆਪਣੇ ਦੇਸ਼ ਛੱਡ ਰਹੇ ਹਨ । ਦੂਜੇ ਵਿਸ਼ਵ ਯੁੱਧ ਤੋਂ ਬਾਅਦ ਗ੍ਰੇਟ ਬ੍ਰਿਟੇਨ ਨੂੰ ਪੁਨਰ-ਨਿਰਮਾਣ ਲਈ ਕਿਰਤ ਦੀ ਲੋੜ ਸੀ, ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਯੂ. ਐੱਸ. ਏ. ਨੇ ਵੀ ਭਾਰਤੀਆਂ ਲਈ ਦਰਵਾਜ਼ੇ ਖੋਲ੍ਹੇ । ਪੰਜਾਬੀਆਂ ਨੇ ਇਨ੍ਹਾਂ ਸਭ ਮੌਕਿਆਂ ਦਾ ਫਾਇਦਾ ਉਠਾ ਕੇ ਵੱਡੀ ਗਿਣਤੀ ਵਿਚ ਇਨ੍ਹਾਂ ਦੇਸ਼ਾਂ ਵਿਚ ਪ੍ਰਵਾਸ ਕੀਤਾ । ਇਸ ਤੋਂ ਇਲਾਵਾ ਪ੍ਰਵਾਸੀਆਂ ਦੀ ਬ੍ਰਿਟਿਸ਼ ਫੌਜ ਵਿਚ ਭਰਤੀ ਦੀ ਸ਼ੁਰੂਆਤ ਹੋਣ ਨਾਲ ਬ੍ਰਿਟਿਸ਼ ਸਰਕਾਰ ਨੇ ਆਪਣੇ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫੌਜ ਵਿਚ ਭਾਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ ।

ਖੇਤੀਬਾੜੀ ਉਤਪਾਦਕਤਾ ਦੇ ਹਿਸਾਬ ਨਾਲ ਪੰਜਾਬ ਭਾਰਤ ਵਿਚ ਸਭ ਤੋਂ ਅੱਗੇ ਹੈ । 1960ਵਿਆਂ ਦੌਰਾਨ ਦੇਸ਼ ਵਿਚ ਆਈ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਭਾਰਤ ਸਰਕਾਰ ਨੇ ਪੰਜਾਬ ਸੂਬੇ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਇਥੋਂ ਦੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿਚ ਰੱਖਦੇ ਹੋਏ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕੀਤਾ । ਖੇਤੀਬਾੜੀ ਦੀ ਇਸ ਜੁਗਤ ਦੀ ਅਥਾਹ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਂਅ ਦਿੱਤਾ ਗਿਆ । 'ਹਰੇ ਇਨਕਲਾਬ' ਦੇ ਆਉਣ ਨਾਲ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿਚ ਸਭ ਤੋਂ ਉੱਨਤ ਸੂਬੇ ਵਜੋਂ ਉੱਭਰਿਆ । ਜਿੱਥੇ ਪੰਜਾਬ ਦੀ ਇਸ ਕਾਮਯਾਬੀ ਨੇ ਦੇਸ਼ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਸ਼ਾਨਦਾਰ ਤਰੀਕੇ ਨਾਲ ਕਾਬੂ ਪਾਇਆ, ਉੱਥੇ ਇਸ ਨੇ ਇੱਥੋਂ ਦੀ ਭੂਮੀ ਦੀ ਬਣਤਰ ਅਤੇ ਗੁਣਵੱਤਾ, ਜ਼ਮੀਨ ਹੇਠਲੇ ਪਾਣੀ ਦੇ ਪੱਧਰ ਅਤੇ ਗੁਣਵੱਤਾ ਅਤੇ ਵਾਤਾਵਰਨ ਉੱਤੇ ਬਹੁਤ ਮਾੜੇ ਪ੍ਰਭਾਵ ਪਾਏ, ਖੇਤੀਬਾੜੀ ਉਤਪਾਦਨ ਲਾਗਤ ਵਿਚ ਤੇਜ਼ੀ ਨਾਲ ਵਾਧਾ ਕੀਤਾ, ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਰੁਜ਼ਗਾਰ ਦੇ ਮੌਕੇ ਵੱਡੇ ਪੱਧਰ ਉੱਤੇ ਘਟਾਏ, ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ । ਗੈਰ-ਖੇਤੀਬਾੜੀ ਖੇਤਰਾਂ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਲੋਕਾਂ, ਖਾਸ ਕਰ ਕੇ ਨੌਜਵਾਨਾਂ ਵਿਚ ਆਪਣੇ ਦੇਸ਼ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸ਼ਾਂ ਵਿਚ ਜਾਣ ਲਈ ਬਹੁਤ ਹੀ ਉਤਾਵਲੇ ਰਹਿੰਦੇ ਹਨ ।

ਕੈਨੇਡਾ, ਯੂਰਪ, ਯੂ. ਐੱਸ. ਏ. ਅਤੇ ਯੂ. ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਦੇ ਪਸੰਦੀਦਾ ਟਿਕਾਣੇ ਹਨ । ਇਨ੍ਹਾਂ ਦੇਸ਼ਾਂ ਵਿਚ ਜਾਣ ਲਈ ਪੰਜਾਬੀ ਉਤਾਵਲੇ ਹੋਏ ਪਏ ਹਨ । ਜਦੋਂ ਪ੍ਰਵਾਸੀ ਭਾਰਤੀ ਪੰਜਾਬ ਆਉਂਦੇ ਅਤੇ ਇੱਥੋਂ ਦੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਉਨ੍ਹਾਂ ਵਿਚੋਂ ਇਕ ਬਹੁਤ ਹੀ ਵੱਡੀ ਗਿਣਤੀ ਵਿਚ ਲੋਕ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਮਨ ਬਣਾ ਲੈਂਦੇ ਹਨ । ਇਸ ਤੋਂ ਇਲਾਵਾ ਸੂਬੇ ਦੇ ਪੱਧਰ ਉੱਤੇ ਸਮਾਜਿਕ-ਆਰਥਿਕ ਖੇਤਰਾਂ ਵਿਚ ਵਖਰੇਵੇਂ ਵੀ ਕੌਮਾਂਤਰੀ ਪ੍ਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ । ਅਜੋਕੇ ਸਮੇਂ ਵਿਚ ਪੰਜਾਬੀ ਵਿਦੇਸ਼ਾਂ ਦੇ ਕੋਨੇ-ਕੋਨੇ ਵਿਚ ਵਸੇ ਹੋਏ ਹਨ । ਇਸ ਲੇਖ ਵਿਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇਕ ਯਤਨ ਕੀਤਾ ਗਿਆ ਹੈ, ਜਿਹੜਾ ਲੇਖਕ (ਡਾ. ਗਿਆਨ ਸਿੰਘ), ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ, ਡਾ. ਸੁਖਵੀਰ ਕੌਰ ਅਤੇ ਡਾ. ਜੋਤੀ ਦੁਆਰਾ ਪੰਜਾਬ ਵਿਚ ਕੌਮਾਂਤਰੀ ਪ੍ਰਵਾਸ ਸੰਬੰਧੀ ਕੀਤੇ ਗਏ ਇਕ ਸਰਵੇਖਣ ਉੱਪਰ ਆਧਾਰਿਤ ਹੈ । ਇਸ ਸਰਵੇਖਣ ਲਈ ਮਾਝੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ-ਅੰਮ੍ਰਿਤਸਰ ਅਤੇ ਗੁਰਦਾਸਪੁਰ, ਦੁਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ-ਜਲੰਧਰ ਅਤੇ ਹੁਸ਼ਿਆਰਪੁਰ ਅਤੇ ਮਾਲਵੇ ਦੇ ਪੰਦਰਾਂ ਜ਼ਿਲ੍ਹਿਆਂ ਵਿਚੋਂ ਅੱਠ ਜ਼ਿਲ੍ਹੇ-ਬਰਨਾਲਾ, ਬਠਿੰਡਾ, ਫਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ ਸਨ । ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿਚੋਂ ਇਕ ਪਿੰਡ ਨੂੰ ਗੈਰ-ਵਿਵਸਥਾ ਢੰਗ ਨਾਲ ਚੁਣਿਆ ਗਿਆ । ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਨ੍ਹਾਂ ਵਿਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਹਨ । ਇਹ ਸਰਵੇਖਣ 1951 ਤੋਂ 2021 ਦਰਮਿਆਨ ਦੇ ਸਮੇਂ ਨਾਲ ਸੰਬੰਧਿਤ ਹੈ । ਪੇਂਡੂ ਪੰਜਾਬ ਵਿਚੋਂ ਕੁੱਲ 2597 ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ ।

1956 ਤੋਂ 2021 ਦਰਮਿਆਨ ਵਿਦੇਸ਼ਾਂ ਵਿਚ ਪ੍ਰਵਾਸ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਮਾਝੇ ਵਿਚ 358, ਦੁਆਬੇ ਵਿਚ 947 ਅਤੇ ਮਾਲਵੇ ਵਿਚ 1292 ਪਾਈ ਗਈ । ਇਨ੍ਹਾਂ ਪਰਿਵਾਰਾਂ ਵਿਚੋਂ ਪ੍ਰਵਾਸ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਕ੍ਰਮਵਾਰ 362, 1023 ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਪਰਿਵਾਰਾਂ ਵਿਚੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ ਹੈ । ਮਾਝੇ ਵਿਚ ਬਹੁ-ਗਿਣਤੀ ਪਰਿਵਾਰਾਂ (98.88 ਫੀਸਦੀ) ਵਿਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 1.12 ਫੀਸਦੀ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ । ਦੁਆਬੇ ਦੇ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਫੀਸਦੀ) ਵਿਚੋਂ ਇਕੱਲੇ ਵਿਅਕਤੀ, 15.63 ਫੀਸਦੀ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ, 3.91 ਫੀਸਦੀ ਪਰਿਵਾਰਾਂ ਵਿਚੋਂ ਤਿੰਨ ਵਿਅਕਤੀਆਂ ਅਤੇ ਬਾਕੀ ਦੇ 0.11 ਫੀਸਦੀ ਪਰਿਵਾਰਾਂ ਵਿਚੋਂ ਚਾਰ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ । ਇਸੇ ਤਰ੍ਹਾਂ, ਮਾਲਵੇ ਵਿਚੋਂ 64.63 ਫੀਸਦੀ ਪਰਿਵਾਰਾਂ ਵਿਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 35.68 ਫੀਸਦੀ ਪਰਿਵਾਰਾਂ ਵਿਚੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ । ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿਚੋਂ ਕ੍ਰਮਵਾਰ 15.73 ਅਤੇ 15.79 ਫੀਸਦੀ ਪੂਰੇ ਪਰਿਵਾਰ ਹੀ ਬਾਹਰਲੇ ਦੇਸ਼ਾਂ ਵਿਚ ਪ੍ਰਵਾਸ ਕਰ ਗਏ ।

ਭਾਵੇਂ ਜਾਤੀ ਅਤੇ ਪ੍ਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇਕ-ਦੂਜੇ ਨਾਲ ਜੁੜੇ ਹੋਏ ਹਨ । ਪ੍ਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਨਾਲ ਪੈਦਾ ਹੁੰਦਾ ਹੈ । ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 83.7 ਫੀਸਦੀ ਜਨਰਲ ਵਰਗ ਨਾਲ ਸੰਬੰਧਿਤ ਸਨ, ਜਦੋਂ ਕਿ 11.6 ਫੀਸਦੀ ਅਨੁਸੂਚਿਤ ਜਾਤੀਆਂ ਅਤੇ ਬਾਕੀ ਦੇ 4.7 ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਸਨ । ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 63.34, 22.68 ਅਤੇ 13.68 ਫੀਸਦੀ ਕ੍ਰਮਵਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਸਨ । ਇਸ ਤਰ੍ਹਾਂ ਪੰਜਾਬ ਦੇ ਤਿੰਨੋ ਭੂਗੋਲਿਕ ਖੇਤਰਾਂ ਵਿਚੋਂ ਜ਼ਿਆਦਾਤਰ ਕੌਮਾਂਤਰੀ ਪ੍ਰਵਾਸੀ ਜਨਰਲ ਜਾਤੀਆਂ ਨਾਲ ਸੰਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦਾ ਕ੍ਰਮ ਆਉਂਦਾ ਹੈ । ਖੇਤਰੀ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਪੰਜਾਬ ਦੇ ਤਿੰਨੋ ਭੂਗੋਲਿਕ ਖੇਤਰ ਮਾਝਾ, ਦੁਆਬਾ ਅਤੇ ਮਾਲਵਾ ਵਿਚ ਬਹੁਤ ਵੱਡੀ ਗਿਣਤੀ ਵਿਚ ਪ੍ਰਵਾਸੀ ਜੱਟ ਜਾਤੀ ਨਾਲ ਸੰਬੰਧਿਤ ਸਨ । ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ । ਭਾਵੇਂ ਇਹ ਵਿਸ਼ੇਸ਼ਤਾ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਜ਼ਿਆਦਾਤਰ ਪੇਂਡੂ ਖੇਤਰਾਂ ਵਿਚ ਬਰਕਰਾਰ ਹਨ । ਪੰਜਾਬ ਸੂਬਾ ਵਿਆਪਕ ਤੌਰ ਉੱਤੇ ਆਪਣੀ ਖੇਤੀਬਾੜੀ ਸਦਕਾ ਖੁਸ਼ਹਾਲ ਹੋਇਆ, ਜਿਸ ਨੇ ਪੇਂਡੂ ਖੇਤਰਾਂ ਵਿਚ ਮੌਜੂਦ ਸਾਂਝੇ ਪਰਿਵਾਰ ਦੀ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ ।

ਹਾਲਾਂਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿਚ ਤਬਦੀਲੀਆਂ ਨਾਲ ਜ਼ਮੀਨੀ ਵੰਡ ਹੋਈ, ਜਿਸ ਦੇ ਨਤੀਜੇ ਵਜੋਂ ਇਕਹਿਰੀ ਪਰਿਵਾਰ ਪ੍ਰਣਾਲੀ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਜ਼ੋਰ ਫੜ ਰਹੀ ਹੈ । ਮੌਜੂਦਾ ਸਰਵੇਖਣ ਤੋਂ ਇਹ ਸਾਹਮਣੇਆਇਆ ਕਿ ਜ਼ਿਆਦਾ ਪ੍ਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11 ਅਤੇ ਮਾਲਵੇ ਦੇ 72.27 ਫੀਸਦੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂ ਕਿ ਬਾਕੀ ਤੇ 16.23, 19.89 ਅਤੇ 27.73 ਫੀਸਦੀ ਪ੍ਰਵਾਸੀ ਕ੍ਰਮਵਾਰ ਦੁਆਬੇ, ਮਾਝੇ ਅਤੇ ਮਾਲਵੇ ਵਿਚ ਸਾਂਝੀ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ । ਪ੍ਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 85.64 ਫੀਸਦੀ ਮਰਦ ਅਤੇ ਬਾਕੀ ਦੇ 14.36 ਫੀਸਦੀ ਔਰਤਾਂ ਸਨ । ਦੁਆਬੇ ਵਿਚ ਮਰਦ ਅਤੇ ਔਰਤ ਪ੍ਰਵਾਸੀਆਂ ਦੀ ਫੀਸਦੀ ਕ੍ਰਮਵਾਰ 88.47 ਅਤੇ 11.53 ਸੀ । ਮਾਲਵੇ ਵਿਚ ਇਹ ਫੀਸਦੀ 67.14 ਅਤੇ 32.86 ਪਾਈ ਗਈ । ਪ੍ਰਵਾਸ ਵਿਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਭਾਵੇਂ ਸਮਕਾਲੀ ਸੰਸਾਰ ਵਿਚ ਦੋਵਾਂ ਲਿੰਗਾਂ ਲਈ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ 'ਤੇ ਆਪਣੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ । ਪੰਜਾਬ ਤੋਂ ਔਰਤਾਂ ਦਾ ਪ੍ਰਵਾਸ ਮੁੱਖ ਤੌਰ ਉੱਤੇ ਵਿਆਹ-ਕੇਂਦਰਿਤ ਰਿਹਾ ਹੈ, ਜਿੱਥੇ ਲੜਕੀਆਂ ਇਕ ਜੀਵਨ ਸਾਥੀ ਦੇ ਰੂਪ ਵਿਚ ਵਿਦੇਸ਼ਾਂ ਵਿਚ ਜਾਂਦੀਆਂ ਸਨ ।

ਉਂਜ, ਅਜੋਕੇ ਸਮੇਂ ਦੌਰਾਨ ਪੰਜਾਬ ਵਿਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ, ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵਿਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ, ਉਨ੍ਹਾਂ ਨੂੰ ਕੌਮਾਂਤਰੀ ਪ੍ਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ । ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਨ੍ਹਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਉਹ ਆਪਣੀ ਨੂੰਹ ਦੀ ਵਿਦੇਸ਼ ਯਾਤਰਾ, ਖਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ । ਇਹ ਕੁੜੀਆਂ ਬਾਅਦ ਵਿਚ ਸਪਾਊਸ ਵੀਜ਼ੇ ਉੱਤੇ ਆਪਣੀਆਂ ਪਤੀਆਂ ਨੂੰ ਵਿਦੇਸ਼ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ ਉਹ ਮੰਜ਼ਿਲ ਵਾਲੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੇ ਹਨ ।

ਸਿੱਖਿਆ ਅਤੇ ਪ੍ਰਵਾਸ ਦਾ ਇਕ-ਦੂਜੇ ਨਾਲ ਇਕ ਮਜ਼ਬੂਤ ਰਿਸ਼ਤਾ ਹੈ, ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪ੍ਰਵਾਸ ਵਾਲੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ । ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪ੍ਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ, ਕਿਉਂਕਿ ਪ੍ਰਵਾਸੀ ਵਿਅਕਤੀ ਬਿਹਤਰ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿਚ ਦਿੰਦੇ ਹਨ । ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਯੂ. ਕੇ. ਵਰਗੇ ਵਿਕਸਿਤ ਦੇਸ਼ਾਂ ਵਿਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪ੍ਰਵਾਸ ਦੇ ਸੰਬੰਧ ਵਿਚ ਅੱਜਕੱਲ੍ਹ ਭਾਰਤ ਲਗਭਗ ਸਿੱਖਰ ਉੱਤੇ ਹੈ । ਭਾਰਤੀ ਰਾਜਨੀਤੀ ਵਿਚ 'ਬੌਧਿਕ ਹੂੰਝਾ' ਸਿਆਸਤਦਾਨਾਂ ਅਤੇ ਨੌਕਰੀਸ਼ਾਹੀ ਲਈ ਓਨੀ ਚਿੰਤਾ ਦਾ ਵਿਸ਼ਾ ਨਹੀਂ ਜਾਪਦਾ ਜਿੰਨਾ ਇਹ ਉੱਨੀ ਸੌ ਸੱਤਰ ਦੇ ਦਹਾਕੇ ਵਿਚ ਹੁੰਦਾ ਸੀ ।

ਵਿਦੇਸ਼ ਜਾਣ ਤੋਂ ਪਹਿਲਾਂ ਪ੍ਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 70.17 ਫੀਸਦੀ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪ੍ਰਵਾਸ ਕੀਤਾ । ਇਸੇ ਖੇਤਰ ਦੇ ਤਕਰੀਬਨ 16 ਫੀਸਦੀ ਨੇ ਆਪਣੀ ਗ੍ਰੈਜੂਏਸ਼ਨ, ਜਦੋਂ ਕਿ 8.01 ਫੀਸਦੀ ਨੇ ਡਿਪਲੋਮਾ ਅਤੇ 3.04 ਫੀਸਦੀ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ ਅਤੇ ਥੋੜ੍ਹੇ ਜਿਹੇ ਹਿੱਸੇ (2.21 ਫੀਸਦੀ) ਕੋਲ ਪ੍ਰਵਾਸ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ । ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ ਲਗਭਗ ਦੋ-ਤਿਹਾਈ (64.08 ਫੀਸਦੀ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕਰ ਗਏ । 15.37 ਫੀਸਦੀ ਨੇ ਮੈਟ੍ਰਿਕ ਅਤੇ 10.47 ਫੀਸਦੀ ਨੇ ਆਪਣੀ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ । ਪ੍ਰਵਾਸ ਕਰਨ ਦੇ ਸਮੇਂ 2.74 ਫੀਸਦੀ ਕੋਲ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ । ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 61.01 ਫੀਸਦੀ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪ੍ਰਵਾਸ ਕੀਤਾ ।

ਵਿਦੇਸ਼ਾਂ ਵਿਚ ਪ੍ਰਵਾਸ ਕਰਨ ਸਮੇਂ 18 ਫੀਸਦੀ ਤੋਂ ਥੋੜ੍ਹੇ ਵੱਧ ਪ੍ਰਵਾਸੀਆਂ ਕੋਲ ਗ੍ਰੈਜੂਏਸ਼ਨ ਅਤੇ 8.84 ਫੀਸਦੀ ਕੋਲ ਮੈਟ੍ਰਿਕ ਦੀ ਵਿੱਦਿਅਕ ਯੋਗਤਾ ਸੀ । ਪ੍ਰਵਾਸੀਆਂ ਦੇ ਥੋੜ੍ਹੇ ਜਿਹੇ ਹਿੱਸੇ (4.92 ਫੀਸਦੀ) ਕੋਲ ਪ੍ਰਵਾਸ ਕਰਨ ਦੇ ਸਮੇਂ 2.74 ਫੀਸਦੀ ਕੋਲ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ । ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲੇ ਨੌਜਵਾਨ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਬਦਲ ਸਮਝਦੇ ਹਨ । ਇਸ ਤੋਂ ਇਲਾਵਾ, ਪ੍ਰਵਾਸੀਆਂ ਦੇ ਬਹੁਤ ਹੀ ਥੋੜ੍ਹੇ ਜਿਹੇ ਹਿੱਸੇ ਕੋਲ ਪ੍ਰਵਾਸ ਦੇ ਸਮੇਂ ਨਰਸਿੰਗ / ਜੀ. ਐੱਨ. ਐੱਮ. / ਬੀ. ਡੀ. ਐੱਸ. ਦੀ ਡਿਗਰੀ ਜਾਂ ਡਿਪਲੋਮਾ ਸੀ । ਇੱਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲੇ ਵਿਅਕਤੀ ਜਾਂ ਤਾਂ ਬਜ਼ੁਰਗ ਸਨ ਜਿਨ੍ਹਾਂ ਨੇ ਆਪਣੇ ਪਰਿਵਾਰਾਂ ਸਮੇਂ ਪ੍ਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਨ੍ਹਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਂਦੀਪ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਵਾਸ ਕੀਤਾ ।

(ਚੱਲਦਾ)

# ਜੀ ਐੱਮ ਸਰ੍ਹੋਂ ਦਾ ਮੁੱਦਾ

## ਫੈਸਲਾ ਉਡੀਕ ਰਿਹਾ

ਉਮੇਂਦਰ ਦੱਤ, ਕਾਰਜਕਾਰੀ ਨਿਰਦੇਸ਼ਕ
ਖੇਤੀ ਵਿਰਾਸਤ ਮਿਸ਼ਨ
ਮੋਬਾਇਲ : 98726-82161



ਸਾਲ 2010 ਵਿਚ ਜੀਨ ਪਰਿਵਰਤਿਤ ਬੀ ਟੀ ਬੈਂਗਣ ਤੋਂ ਬਾਅਦ ਹੁਣ ਫਿਰ ਇਕ ਹੋਰ ਜੀਨ ਪਰਿਵਰਤਿਤ ਫਸਲ ਜੀ ਐੱਮ ਸਰ੍ਹੋਂ ਦਾ ਮੁੱਦਾ ਭਖਿਆ ਹੈ । ਨਦੀਨਨਾਸ਼ਕ ਸਹਿਣਸ਼ੀਲ ਸਰ੍ਹੋਂ ਨੂੰ ਮਨਜ਼ੂਰੀ ਦੇਣ ਦੇ ਮੁੱਦੇ 'ਤੇ ਭਾਰਤ ਦੇ ਵਾਤਾਵਰਨ ਪ੍ਰੇਮੀ, ਸਿਹਤ ਅਤੇ ਕੁਦਰਤੀ ਖੇਤੀ ਦੇ ਹਿਮਾਇਤੀ ਕਿਸਾਨ, ਵਿਗਿਆਨੀ ਅਤੇ ਕਾਰਕੁੰਨ ਭਾਰਤ ਸਰਕਾਰ ਨਾਲ ਮੱਥਾ ਲਾਈ ਖੜ੍ਹੇ ਹਨ । ਇਕ ਪਾਸੇ ਸਰਕਾਰ ਖਾਣ ਵਾਲੇ ਤੇਲਾਂ ਦੀ ਦਰਾਮਦ ਨੂੰ ਘਟਾਉਣ ਦੇ ਨਾਂ 'ਤੇ ਜੀ ਐੱਮ ਸਰ੍ਹੋਂ ਨੂੰ ਮਨਜ਼ੂਰੀ ਦੇਣ ਲਈ ਬਜ਼ਿੱਦ ਹੈ ਅਤੇ ਦੂਜੇ ਪਾਸੇ ਇਸ ਦੀ ਮਨਜ਼ੂਰੀ ਦਾ ਵਿਰੋਧ ਕਰਨ ਵਾਲੇ ਸਮੂਹ ਇਸ ਦੇ ਮਾੜੇ ਪ੍ਰਭਾਵਾਂ ਨੂੰ ਆਧਾਰ ਬਣਾ ਕੇ ਜੀ ਐੱਮ ਸਰ੍ਹੋਂ ਨੂੰ ਰੋਕਣ ਲਈ ਯਤਨਸ਼ੀਲ ਹਨ । ਬੀ ਟੀ ਬੈਂਗਣ ਦੀ ਲੜਾਈ ਜ਼ਮੀਨੀ ਪੱਧਰ 'ਤੇ ਜ਼ਿਆਦਾ ਲੜੀ ਗਈ ਸੀ ਜਦਕਿ ਜੀ ਐੱਮ ਸਰ੍ਹੋਂ ਦਾ ਮੁੱਦਾ ਸੁਪਰੀਮ ਕੋਰਟ ਵਿਚ ਲੜਿਆ ਜਾ ਰਿਹਾ ਹੈ । ਬੀਤੀ 18 ਜਨਵਰੀ ਨੂੰ ਸੁਪਰੀਮ ਕੋਰਟ ਵਿਚ ਜੈਨੇਟਿਕ ਤੌਰ 'ਤੇ ਸੋਧੇ ਹੋਏ ਨਦੀਨਨਾਸ਼ਕ ਸਹਿਣਸ਼ੀਲ ਸਰ੍ਹੋਂ ਨੂੰ ਮਨਜ਼ੂਰੀ ਦੇਣ ਦੇ ਮੁੱਦੇ 'ਤੇ ਇਕ ਮਹੱਤਵਪੂਰਨ ਸੁਣਵਾਈ ਹੋਈ ਜਿਸ ਵਿੱਚ ਦੋਹਾਂ ਧਿਰਾਂ ਨੇ ਆਪਣੇ-ਆਪਣੇ ਤਰਕ ਰੱਖੇ । ਜਸਟਿਸ ਬੀ ਵੀ ਨਾਗਾਰਤਨ ਅਤੇ ਜਸਟਿਸ ਸੰਜੇ ਕਰੋਲ ਦੀ ਬੈਂਚ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ । ਭਾਰਤ ਵਿਚ ਵਾਤਾਵਰਨ, ਸਿਹਤ ਅਤੇ ਕਿਸਾਨੀ ਮੁੱਦਿਆਂ ਦੇ ਆਧਾਰ 'ਤੇ ਜੀ ਐੱਮ ਫਸਲਾਂ ਦਾ ਵਿਰੋਧ ਕਰਨ ਵਾਲੇ ਗੱਠਜੋੜ ਨੇ ਭਾਰਤ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਕੀਤੇ ਗਏ ਦਾਅਵੇ ਅਪ੍ਰਸੰਗਿਕ, ਗੁਮਰਾਹਕੁੰਨ ਅਤੇ ਗਲਤ ਸਨ । ਸੁਪਰੀਮ ਕੋਰਟ ਵਿਚ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਦੀ ਦਲੀਲ ਸੀ ਕਿ ਭਾਰਤ ਵਿਚ ਪਹਿਲਾਂ ਹੀ ਵੱਡੇ ਪੈਮਾਨੇ 'ਤੇ ਜੀ ਐੱਮ ਖਾਣ ਵਾਲੇ ਤੇਲ ਬਾਹਰੋਂ ਮੰਗਵਾਏ ਜਾ ਰਹੇ ਹਨ ਅਤੇ ਉਹਦਾ ਭਾਰਤ ਦੀ ਆਬਾਦੀ 'ਤੇ ਕੋਈ ਮਾੜਾ ਅਸਰ ਨਹੀਂ ਦਿਖ ਰਿਹਾ । ਜਿਸ ਦੇ ਜਵਾਬ 'ਚ ਗੱਠਜੋੜ ਦੇ ਮੈਂਬਰਾਂ ਨੇ ਕਿਹਾ ਕਿ ਇਹ ਦਲੀਲ ਜੀ ਐੱਮ ਖਾਣ ਵਾਲੇ ਤੇਲਾਂ ਦੀ ਖਪਤ ਨੇ ਭਾਰਤੀ ਆਬਾਦੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਹੈ, ਗੈਰ-ਵਿਗਿਆਨਕ ਹੈ, ਕਿਉਂਕਿ ਦਾਅਵੇ ਦੇ ਸਮਰਥਨ ਵਿਚ ਕੋਈ ਵਿਗਿਆਨਕ ਅੰਕੜੇ ਪੇਸ਼ ਨਹੀਂ ਕੀਤੇ ਗਏ ਸਨ । ਇਹ ਜ਼ਿਕਰਯੋਗ ਹੈ ਕਿ ਵੱਖ-ਵੱਖ ਹਲਕਿਆਂ ਵੱਲੋਂ ਵੱਡੇ-ਪੱਧਰ 'ਤੇ ਕੀਤੇ ਜਾ ਰਹੇ ਵਿਰੋਧ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਹੋਣ ਦੇ ਬਾਵਜੂਦ ਜੀ ਐੱਮ ਖੁਰਾਕੀ ਫਸਲਾਂ ਨੂੰ ਮਨਜ਼ੂਰੀ ਦਿੱਤੀ ਗਈ ਤੇ ਇਨ੍ਹਾਂ ਦੀ ਬਿਜਾਈ ਕੀਤੀ ਗਈ ਹੈ । ਵਿਰੋਧ ਕਰਨ ਵਾਲਿਆਂ ਵਿਚ ਭਾਰਤ ਦੀਆਂ ਲਗਭਗ ਸਾਰੀਆਂ ਪ੍ਰਮੁੱਖ ਕਿਸਾਨ ਜਥੇਬੰਦੀਆਂ, ਮਧੂ-ਮੱਖੀ ਪਾਲਕ ਜਥੇਬੰਦੀਆਂ ਤੇ ਸ਼ਹਿਦ ਦੇ ਨਿਰਯਾਤਕ, ਖੇਤੀ-ਵਿਗਿਆਨੀ ਤੇ ਮੈਡੀਕਲ ਮਾਹਿਰ, ਜੈਵਿਕ-ਤਕਨੀਕ ਦੇ ਮਾਹਿਰ ਤੇ ਵਾਤਾਵਰਣ ਮਾਹਿਰ, ਖਪਤਕਾਰ ਸਮੂਹ, ਕੁਦਰਤੀ ਖੇਤੀ ਕਰਨ ਵਾਲੇ ਸੰਗਠਨ ਆਦਿ ਸ਼ਾਮਲ ਹਨ । ਜੀ ਐੱਮ ਸਰ੍ਹੋਂ ਦਾ ਵਿਰੋਧ ਕਰ ਰਹੇ ਸਮੂਹਾਂ ਦੇ ਕੁੱਝ ਮੁੱਖ ਤਰਕ ਹਨ ।

### ਐੱਚ ਟੀ ਫਸਲਾਂ ਤੇ ਨਿਯੰਤਰਨ ਸਮਰਥਾਵਾਂ ਦੀ ਘਾਟ

ਜੀ ਐੱਮ ਸਰ੍ਹੋਂ ਇਕ ਨਦੀਨਨਾਸ਼ਕ ਸ਼ਹਿਣਸ਼ੀਲ (ਐੱਚ ਟੀ) ਫਸਲ ਹੈ । ਭਾਰਤ ਸਰਕਾਰ ਇਸ ਨੂੰ ਐੱਚ ਟੀ ਫਸਲ ਵੱਜੋਂ ਕਰ ਰਹੀ ਹੈ ਜਿਸ ਨੂੰ ਕਿਸਾਨਾਂ ਦੇ ਖੇਤਾਂ ਵਿਚ ਨਦੀਨਨਾਸ਼ਕਾਂ ਤੋਂ ਸਹਿਣਸ਼ੀਲ ਹੋਣ ਦੀ ਲੋੜ ਹੀ ਨਹੀਂ ਹੈ, ਬਲਕਿ ਬੀਜਾਂ ਦੇ ਉਤਪਾਦਨ ਵੇਲੇ ਹੀ ਨਦੀਨਨਾਸ਼ਕਾਂ ਦੀ ਵਰਤੋਂ ਕਰ ਲਈ ਜਾਂਦੀ ਹੈ । ਇਹ ਕਿਹਾ ਜਾ ਰਿਹਾ ਹੈ ਕਿ ਕੁਝ ਸੰਵਿਧਾਨਕ ਮਦਾਂ ਰਾਹੀਂ ਸਜ਼ਾ ਦੀਆਂ ਧਾਰਾਵਾਂ ਲਾ ਕੇ ਨਦੀਨਨਾਸ਼ਕ ਸ਼ਹਿਣਸ਼ੀਲ ਫਸਲਾਂ ਉੱਤੇ ਨਦੀਨਨਾਸ਼ਕਾਂ ਦੀ ਵਰਤੋਂ ਕਰਨ ਤੋਂ ਕਿਸਾਨਾਂ ਨੂੰ ਰੋਕਿਆ ਜਾਵੇ । ਜਦ ਕਿ ਜਦੋਂ ਲੱਖਾਂ ਹੈਕਟੇਅਰ ਗੈਰ-ਕਾਨੂੰਨੀ ਐੱਚ ਟੀ ਕਪਾਹ ਦੇ ਮਾਮਲੇ ਵਿਚ ਐੱਚ ਟੀ ਬੀਜਾਂ ਨਾਲ ਲੇਬਲ ਉੱਤੇ ਕੀਤੇ ਦਾਅਵਿਆਂ ਦੇ ਉਲਟ ਗਲਤ ਵਰਤੋਂ ਗੈਰ-ਕਾਨੂੰਨੀ ਨਦੀਨਨਾਸ਼ਕਾਂ ਦੀ ਅਣਅਧਿਕਾਰਤ ਵਿਕਰੀ ਕੀਤੀ ਜਾਂਦੀ ਹੈ ਤਾਂ ਈਪੀਏ 1986 ਦੇ 1989 ਨਿਯਮਾਂ, ਜਾਂ ਕੀਟਨਾਸ਼ਕ ਐਕਟ 1966/ਬੀਜ ਨਿਯੰਤਰਨ ਆਡਰ 1983 ਦੇ ਅਧੀਨ ਅਖਤਿਆਰ ਪ੍ਰਾਪਤ ਯੋਗ ਪ੍ਰਸ਼ਾਸਕੀ ਅਧਿਕਾਰੀਆਂ ਵੱਲੋਂ ਰੋਕਥਾਮ ਦੀ ਕਾਰਵਾਈ ਕਰਨ ਦੀ ਕੋਈ ਸਮਰੱਥਾ ਹਾਲੇ ਤੱਕ ਨਹੀਂ ਦਿਖਾਈ ਗਈ ਹੈ । ਪ੍ਰਧਾਨ ਮੰਤਰੀ ਦਫਤਰ ਵੱਲੋਂ ਇਕ ਖੇਤ ਨਿਰੀਖਣ ਤੇ ਵਿਗਿਆਨਕ ਮੁਲਾਂਕਣ ਕਮੇਟੀ (ਐੱਫ ਆਈ ਐੱਸ ਈ ਸੀ) ਦਾ ਗਠਨ ਕੀਤਾ ਗਿਆ ਸੀ ਪਰ ਇਸ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਗੈਰ-ਕਾਨੂੰਨੀ ਐੱਚ ਟੀ ਕਪਾਹ ਦੇਸ਼ ਵਿਚ ਵਧਦੀ ਹੀ ਜਾ ਰਹੀ ਹੈ । ਪੰਜਾਬ ਦੇ ਮਾਮਲੇ ਵਿਚ ਵੀ ਇਸ ਪੱਖ ਵੱਲ ਉੱਚਿਚਾ ਧਿਆਨ ਦੇਣ ਦੀ ਲੋੜ ਹੈ ।

### ਗੰਭੀਰ ਨਿਯਮਕ ਖੁੱਲ੍ਹਾਂ ਰਾਹੀਂ ਖੁੱਲ੍ਹੇ ਜੀ. ਐੱਮ. ਸਰ੍ਹੋਂ ਦੀ ਮਨਜ਼ੂਰੀ ਦੇ ਰਸਤੇ

ਭਾਰਤ ਦੀ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਨਿਯਮਕ (ਸੰਵਿਧਾਨਕ) ਮਨਜ਼ੂਰੀ, ਨਿਯਮਾਂ ਦੀਆਂ ਉਲੰਘਣਾਵਾਂ ਅਤੇ ਪ੍ਰਣਾਲੀ ਵਿਚ ਦਿੱਤੀਆਂ ਗਈਆਂ ਢਿੱਲਾਂ ਨਾਲ ਭਰੀ ਪਈ ਹੈ, ਜਿਸ ਦੇ ਸਬੂਤ ਨਾਗਰਿਕ ਸਮੂਹਾਂ ਵੱਲੋਂ ਦਿੱਤੇ ਗਏ ਹਨ । ਢਾਂਚੇ ਵਿਚ ਨਿੱਜੀ ਹਿੱਤ ਭਾਰੂ ਰਹੇ, ਜਦ ਕਿ ਲੋੜੀਂਦੇ ਟੈਸਟਾਂ ਵਿਚ ਕਈ ਖੁੱਲ੍ਹਾਂ ਲਈਆਂ ਗਈਆਂ । ਸੰਵਿਧਾਨਕ ਨਿਰਦੇਸ਼ਾਂ ਤੇ ਪ੍ਰਕਿਰਿਆਵਾਂ ਦੀਆਂ ਵੱਡੇ ਪੱਧਰ 'ਤੇਧੱਜੀਆਂ ਉਡਾਈਆਂ ਗਈਆਂ । ਜੀ. ਐੱਮ. ਸਰ੍ਹੋਂ ਦੀ ਸਿਫਾਰਸ਼ ਕਰਨ ਸਬੰਧੀ ਬਣਾਈਆਂ ਗਈਆਂ ਉੱਪ-ਕਮੇਟੀਆਂ ਤੇ ਮਾਹਿਰ ਕਮੇਟੀਆਂ ਵਿਚ ਵੀ ਕਿਸੇ ਵੀ ਸਿਹਤ ਮਾਹਿਰ ਨੂੰ ਸ਼ਾਮਿਲ ਨਹੀਂ ਕੀਤਾ ਗਿਆ । ਇਸ ਮਾਮਲੇ ਵਿਚ ਸੁਪਰੀਮ ਕੋਰਟ ਤੇ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮਾਂ ਤੇ ਨਿਯਮਕ ਪ੍ਰਸ਼ਾਸਨ ਦੇ ਦਰਜ ਕੀਤੇ ਗਏ ਹਲਫੀਆ ਬਿਆਨਾਂ ਦੇ ਬਾਵਜੂਦ ਪੂਰੇ ਬਾਇਓਸੇਫਟੀ ਡੋਜ਼ੀਅਰ ਦੀ ਕੋਈ ਪਾਰਦਰਸ਼ੀ ਤੇ ਸੁਤੰਤਰ ਵਿਗਿਅਨਕ ਪੜਚੋਲ ਕਰਨ ਦੀ ਆਗਿਆ ਨਹੀਂ ਦਿੱਤੀ ਗਈ । ਝਾੜ ਵਿਚ ਵਾਧੇ ਦੀ ਗਲਤ ਤਸਵੀਰ ਪੇਸ਼ ਕਰਨ ਲਈ ਫਸਲ ਦੀ ਇਹ ਕਿਸਮ ਵਿਕਸਿਤ ਕਰਨ ਵਾਲੇ ਉਤਪਾਦਕ ਵੱਲੋਂ ਟੈਸਟ ਦੀਆਂ ਪ੍ਰਕਿਰਿਆਵਾਂ ਤੇ ਨਤੀਜਿਆਂ ਵਿਚ ਛੇੜਛਾੜ ਕੀਤੀ ਗਈ । ਉਤਪਾਦਨ ਵਿਚ ਵਾਧੇ ਕਰਕੇ ਭਾਰਤ ਦੇ ਖਾਣ ਵਾਲੇ ਤੇ ਲ ਦੀ ਦਰਾਮਦ ਦੇ ਬਿੱਲ ਵਿਚ ਹੋਣ ਵਾਲੀ ਕਟੌਤੀ ਦੇ ਦਾਅਵੇ ਕਿਸੇ ਵੀ ਵਿਗਿਆਨਕ ਪ੍ਰਮਾਣ ਦੇ ਮਾਮਲੇ ਵਿਚ ਬੇਬੁਨਿਆਦ ਸਾਬਤ ਹੋਏ ।

### ਸੂਬਾ ਸਰਕਾਰਾਂ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ

ਭਾਰਤ ਸਰਕਾਰ ਵੱਲੋਂ ਜੀ. ਐੱਮ. ਸਰ੍ਹੋਂ ਨੂੰ ਮਨਜ਼ੂਰੀ ਦੇਣ ਵੇਲੇ ਸੂਬਾ ਸਰਕਾਰਾਂ ਦੀ ਨੀਤੀਗਤ ਸਥਿਤੀ ਅਤੇ ਵਿਚਾਰਾਂ ਨੂੰ ਧਿਆਨ ਵਿਚ ਨਾ ਰੱਖਣ ਕਰਕੇ ਖੇਤੀ ਤੇ ਸਿਹਤ ਦੇ ਮਾਮਲਿਆਂ ਵਿਚ ਸੂਬਾ ਸਰਕਾਰਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ, ਜਿਸ ਨਾਲ ਦੇਸ਼ ਦੇ ਫੈਡਰਲ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ । 2011 ਵਿਚ, ਬਿਹਾਰ ਦੇ ਮੁੱਖ-ਮੰਤਰੀ ਨੂੰ, ਕੇਂਦਰ ਵੱਲੋਂ ਸੂਬੇ ਵਿਚ ਸਰਕਾਰ ਨੂੰ ਜਾਣਕਾਰੀ ਦਿੱਤੇ ਬਿਨਾਂ ਖੇਤਾਂ 'ਚ ਚੱਲ ਰਹੇ ਪ੍ਰਯੋਗਾਂ ਬਾਰੇ ਪੱਤਰ ਲਿਖ ਕੇ ਇਤਰਾਜ਼ ਜਤਾਉਣਾ ਪਿਆ ਸੀ । ਮਾਰਚ 2012 ਵਿਚ ਰਾਜਸਥਾਨ ਦੀ ਸੂਬਾ ਸਰਕਾਰ ਨੂੰ ਸੂਬੇ 'ਚ ਮੌਜੂਦ ਜੀ. ਐੱਮ. ਸਰ੍ਹੋਂ ਦੀ ਪ੍ਰਯੋਗੀ ਫਸਲ ਨੂੰ ਨਸ਼ਟ ਕਰਨ ਦੇ ਹੁਕਮ ਦੇਣੇ ਪਏ ਸਨ । ਬੀ ਟੀ ਬੈਂਗਣ ਦੇ ਮਾਮਲੇ ਵਿਚ ਤੱਤਕਾਲੀ ਸਰਕਾਰ ਨੇ 2009-10 ਵਿਚ ਫੈਸਲਾ ਲੈਣ ਤੋਂ ਪਹਿਲਾਂ ਸੂਬਾ ਸਰਕਾਰਾਂ ਨੂੰ ਪੱਤਰ ਲਿਖੇ ਸਨ ਤੇ ਉਨ੍ਹਾਂ ਦੇ ਵਿਚਾਰ ਲੈਣ ਲਈ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ ।

ਸੰਨ 2022 ਵਿਚ ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ । ਇਹ ਇਤਰਾਜ਼ਯੋਗ ਹੈ, ਕਿਉਂਕਿ ਜੀ ਈ ਏ ਸੀ ਦੀਆਂ ਅਨੇਕ ਬੈਠਕਾਂ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕਰਦਿਆਂ ਦੀ ਖੇਤੀ ਮਾਮਲੇ ਸੂਬਾ ਸਰਕਾਰ ਅਧੀਨ ਆਉਂਦੇ ਹਨ ਨਿਯਾਮਕ ਅਦਾਰਾ/ਐਮ ਓ ਹੀ ਐਫ ਸੀ ਸੀ ਸੀਮਿਤ ਖੇਤਾਂ ਵਿਚ ਪ੍ਰਯੋਗਾਂ ਦੀ ਆਗਿਆ ਦੇਣ ਤੋਂ ਪਹਿਲਾਂ ਸਪੱਸ਼ਟ ਰੂਪ ਵਿਚ ਸੂਬਾ ਸਰਕਾਰਾਂ ਤੋਂ 'ਕੋਈ ਇਤਰਾਜ਼ ਨਹੀਂ ਦਾ ਪ੍ਰਮਾਣ-ਪੱਤਰ' ਪ੍ਰਾਪਤ ਕਰਨ ਦੀ ਮੰਗ ਕਰਦੀ ਹੈ । ਜੇ ਇਸ ਕਿਸਮ ਦੇ ਸੀਮਿਤ ਖੇਤੀ ਪ੍ਰਯੋਗਾਂ ਸਬੰਧੀ ਇਹ ਸਮਝ ਮੌਜੂਦ ਹੈ ਤਾਂ ਜੀ. ਐੱਮ. ਸਰ੍ਹੋਂ ਨੂੰ ਵਾਤਾਵਰਨ ਵਿਚ ਜਾਰੀ ਕਰਨ ਲਈ ਸੂਬਾ ਸਰਕਾਰ ਨਾਲ ਕੋਈ ਸਲਾਹ-ਮਸ਼ਵਰਾ ਨਾ ਕਰਨਾ ਪੂਰੀ ਤਰ੍ਹਾਂ ਤਰਕਹੀਣ ਹੈ । ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬੀਆਂ ਲਈ ਇਕ ਮਹੱਤਵਪੂਰਨ ਖੁਰਾਕੀ ਫਸਲ, ਪੰਜਾਬ ਦੀ ਪਛਾਣ ਵਜੋਂ ਜਾਣੇ ਜਾਂਦੇ ਸਰ੍ਹੋਂ ਦੇ ਸਾਗ ਦੀ ਜੀ ਐੱਮ ਕਿਸਮ ਦੀ ਬਿਜਾਈ, ਆਮ ਆਦਮੀ ਪਾਰਟੀ ਦੀ ਸਰਕਾਰ ਵਾਲੇ ਸੂਬੇ ਵਿਚ ਹੋਈ, ਜਦੋਂ ਕਿ ਭਾਜਪਾ ਦੀ ਸਰਕਾਰ ਵਾਲੇ ਹਰਿਆਣਾ ਤੇ ਮੱਧ-ਪ੍ਰਦੇਸ਼ ਨੇ ਇਸ ਦੀ ਆਗਿਆ ਨਹੀਂ ਦਿੱਤੀ ।

### ਸਰ੍ਹੋਂ ਦਾ ਝਾੜ ਵਧਾਉਣ ਦੇ ਬਦਲ ਨੇ ਮੌਜੂਦ

ਸੂਬੇ ਅੰਦਰ ਸਰ੍ਹੋਂ ਦੀ ਫਸਲ ਦਾ ਝਾੜ ਵਧਾਉਣ ਦੇ ਅਨੇਕਾਂ ਬਦਲ ਸਾਡੇ ਕੋਲ ਮੌਜੂਦ ਹਨ, ਜਿਸ ਵਿਚ 'ਤਕਨੀਕੀ ਘਾਟਾਂ' ਪੂਰੀਆਂ ਕਰਨਾ, ਬਿਹਤਰ ਪਾਸਾਰ-ਸਿੱਖਿਆ 'ਤੇ ਕਿਸਾਨਾਂ ਦੀ ਬਾਂਹ ਫੜਨਾ ਸ਼ਾਮਲ ਹੈ । ਇਹ ਬਦਲ ਇਕ ਫਸਲੀ ਚੱਕਰ ਵਿਚ ਸਰ੍ਹੋਂ ਦੀ ਵਧ ਖੇਤੀ ਕਰਨ ਦੀ ਪ੍ਰਣਾਲੀ, ਜਾਂ ਬੂਟਿਆਂ ਵਿਚਕਾਰ ਫਾਸਲਾ ਬਿਹਤਰ ਕਰਨ, ਜਾਂ ਬੀਜਾਂ ਦੀ ਸੁਧਾਈ ਕਰਨ, ਜਾਂ ਬੀਜਾਂ ਦਾ ਅਜਿਹਾ ਢਾਂਚਾ ਹੀ ਤਿਆਰ ਕਰਨ ਜਿਹੜਾ ਕਿਸਾਨਾਂ ਲਈ ਬੀਜ ਦੀ ਬਿਹਤਰ ਝਾੜ ਵਾਲੀ ਸਥਾਨਕ ਕਿਸਮ ਤੱਕ ਪਹੁੰਚ ਦਾ ਰਾਹ ਖੋਲ੍ਹੇ ਵਰਗੇ ਕਿਸੇ ਵੀ ਕਾਰਜ ਨਾਲ ਸਬੰਧਤ ਹੋ ਸਕਦੇ ਹਨ । ਮਿਸਾਲ ਵੱਜੋਂ ਤੇਲ-ਬੀਜਾਂ ਵਾਸਤੇ ਤਕਨੀਕ ਮਿਸ਼ਨ ਨੇ ਨਵੀਨ ਕਿਸਮ ਦੇ ਸੰਸਥਾਗਤ ਢਾਂਚੇ ਦਾ ਵਿਚਾਰ ਦਿੱਤਾ ਸੀ ਜਿਸ ਨੇ ਬਿਹਤਰ ਮੰਡੀਕਰਨ/ਖਰੀਦ ਦੇਫਾਇਦਿਆਂ ਨੂੰ ਤੇਲ-ਬੀਜਾਂ ਦੇ ਕਿਸਾਨਾਂ ਤੱਕ ਪਹੁੰਚਾਉਣ ਦਾ ਰਾਹ ਖੋਲ੍ਹਿਆ ਸੀ, ਅਤੇਲਾਹੇਵੰਦ ਭਾਅ ਲਾਜ਼ਮੀ ਤੌਰ 'ਤੇ ਦੇਸ਼ ਅੰਦਰ ਤੇਲ-ਬੀਜਾਂ ਦੇ ਉਤਪਾਦਨ ਵਿਚ ਵਾਧਾ ਕਰਨ ਦਾ ਪੱਕਾ ਜ਼ਰੀਆ ਹਨ । ਇਸੇ ਤਰ੍ਹਾਂ ਦਰਾਮਦ-ਬਰਾਮਦ ਦੀਆਂ ਨੀਤੀਆਂ ਤੇਲ-ਬੀਜ ਉਤਪਾਦਕਾਂ ਦੇ ਮਾਫਕ ਹੋਣੀਆਂ ਚਾਹੀਦੀਆਂ ਹਨ ।

ਦੂਜੇ ਪਾਸੇ ਸਰਕਾਰ ਦਾ ਇਹ ਮੰਨਣਾ ਹੈ ਕਿ ਜੀ. ਐੱਮ. ਸਰ੍ਹੋਂ ਨੂੰ ਮਨਜ਼ੂਰੀ ਦੇਣ ਨਾਲ ਭਾਰਤ ਖਾਣ ਵਾਲੇ ਤੇਲਾਂ ਦੇ ਮਾਮਲੇ ਵਿੱਚ ਆਤਮ-ਨਿਰਭਰਤਾ ਵੱਲ ਵੱਧ ਸਕੇਗਾ । ਦਿੱਲੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਦੀਪਕ ਪੇਂਟਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਵਿਕਸਤ ਜੀ. ਐੱਮ. ਸਰ੍ਹੋਂ ਦੇ ਵੱਧ ਝਾੜ ਅਤੇ ਸਰ੍ਹੋਂ ਵਿਚ ਤੇਲ ਦੀ ਮਾਤਰਾ ਵੱਧ ਹੋਣ ਦੇ ਦਾਅਵੇ ਵੀ ਵਿਵਾਦਾਂ ਦੇ ਨਾਲ ਘਿਰੇ ਹੋਏ ਹਨ । ਇਸ ਮੁੱਦੇ 'ਤੇ ਜੀ. ਐੱਮ. ਸਰ੍ਹੋਂ ਦੀ ਵਰਾਇਟੀ DMH11 ਦੀ ਕਾਰਗੁਜ਼ਾਰੀ ਇਕ ਹੋਰ ਪ੍ਰਚੱਲਤ ਹਾਈਬ੍ਰਿਡ 45 ਐਸ 46 ਦੇ ਬਰਾਬਰ ਹੀ ਪਾਈ ਗਈ । ਇਸ ਕਰਕੇ ਜੀ. ਐੱਮ. ਸਰ੍ਹੋਂ ਦੀ ਉਪਯੋਗਿਤਾ ਦੇ ਮੁੱਦੇ 'ਤੇ ਇਹ ਤਰਕ ਭਾਰੂ ਰਹਿੰਦਾ ਹੈ ਕਿ ਜੇ ਗੈਰ ਜੀ. ਐੱਮ. ਸਰ੍ਹੋਂ ਦੀ ਕੋਈ ਕਿਸਮ ਜੀ. ਐੱਮ. ਦੇ ਬਰਾਬਰ ਦਾ ਝਾੜ ਦਿੰਦੀ ਹੈ ਤਾਂ ਫਿਰ ਜੀ. ਐੱਮ. ਸਰ੍ਹੋਂ ਨੂੰ ਮਨਜ਼ੂਰੀ ਦੇਣ ਦੀ ਗੱਲ ਕਿਉਂ ਕੀਤੀ ਜਾ ਰਹੀ ਹੈ ?

ਸੁਪਰੀਮ ਕੋਰਟ ਵਿਚ ਇਕ ਹੋਰ ਮਹੱਤਵਪੂਰਨ ਮੁੱਦਾ ਆਇਆ ਕਿ ਭਾਰਤ ਸਰ੍ਹੋਂ ਦੀ ਵੰਨ-ਸੁਵੰਨਤਾ ਦਾ ਕੇਂਦਰ ਹੈ ਜਾਂ ਨਹੀਂ । ਸਰਕਾਰ ਨੇ ਇਸ ਮੁੱਦੇ 'ਤੇ ਜੋ ਤਰਕ ਦਿੱਤਾ ਉਸ ਦੇ ਦੂਰਗਾਮੀ ਪਰਿਣਾਮ ਹੋਣਗੇ । ਸਰਕਾਰ ਦਾ ਕਹਿਣਾ ਸੀ ਕਿ ਭਾਰਤ ਸਰ੍ਹੋਂ ਦੀ ਵੰਨ ਸੁਵੰਨਤਾ ਦਾ ਕੇਂਦਰ ਨਹੀਂ ਹੈ ਜਦਕਿ ਜੀ. ਐੱਮ. ਸਰ੍ਹੋਂ ਦੇ ਵਿਰੋਧੀ ਗਠਜੋੜਾਂ ਦਾ ਇਹ ਕਹਿਣਾ ਸੀ ਕਿ ਬੈਂਗਣ ਦੀ ਤਰ੍ਹਾਂ ਸਰ੍ਹੋਂ ਲਈ ਵੀ ਭਾਰਤ ਵਿਭਿੰਨਤਾ ਦਾ ਕੇਂਦਰ ਹੈ । ਕਈ ਵਿਗਿਆਨਕਾਂ ਅਨੁਸਾਰ ਸਰ੍ਹੋਂ ਦੀ ਉਤਪਤੀ ਭਾਰਤ ਵਿਚ ਹੀ ਹੋਈ ਹੈ । 2004 ਵਿਚ ਗਠਿਤ ਡਾ. ਸਵਾਮੀਨਾਥਨ ਦੀ ਅਗਵਾਈ ਵਾਲੀ ਖੇਤੀ ਮੰਤਰਾਲੇ ਦੀ ਸਮਿਤੀ ਦੀ ਰਿਪੋਰਟ ਤੋਂ ਲੈ ਕੇ 2013 ਦੀ ਸੁਪਰੀਮ ਕੋਰਟ ਦੀ ਤਕਨੀਕ ਮਾਹਿਰ ਸਮਿਤੀ ਦੀ ਰਿਪੋਰਟ ਵਿਚ ਉਨ੍ਹਾਂ ਫਸਲਾਂ ਵਿਚ ਜੀਨ-ਪਰਿਵਰਤਨ ਵਾਲੀ ਤਕਨੀਕ ਦੀ ਵਰਤੋਂ ਦੇ ਵਿਰੁੱਧ ਸਪੱਸ਼ਟ ਨਿਰਦੇਸ਼ ਹਨ, ਜਿਨ੍ਹਾਂ ਦੀ ਉਤਪਤੀ ਭਾਰਤ ਵਿਚ ਹੋਈ ਹੈ ਜਾਂ ਜਿਨ੍ਹਾਂ ਲਈ ਭਾਰਤ 'ਵਿਭਿੰਨਤਾ ਦਾ ਕੇਂਦਰ' ਹੈ । ਬੀ ਟੀ ਬੈਂਗਣ 'ਤੇ ਰੋਕ ਲੱਗਣ ਦੇ ਪਿੱਛੇ ਇਹ ਵੀ ਇਕ ਮੁੱਖ ਕਾਰਨ ਸੀ ।

### ਜੈਨੇਟਿਕ ਅਸ਼ੁੱਧਤਾ ਹੋਣ ਦੀ ਸੰਭਾਵਨਾ

ਜੀ. ਐੱਮ. ਸਰ੍ਹੋਂ ਨੂੰ ਗੈਰ ਜ਼ਰੂਰੀ ਦੱਸਦੇ ਹੋਏ ਉਸ ਦੇ ਨਾਲ ਹੋਣ ਵਾਲੀ ਜੈਨੇਟਿਕ ਦੂਸ਼ਿਤਤਾ ਹੋਣ ਦੀ ਪੂਰੀ ਸੰਭਾਵਨਾ ਹੈ । ਭਾਰਤ ਸਰਕਾਰ ਦਾ ਸਰ੍ਹੋਂ ਖੋਜ ਕੇਂਦਰ-ਸੈਂਟਰ ਫਾਰ ਮਸਟਰਡ ਰਿਸਰਚ ਭਰਤਪੁਰ ਰਾਜਸਥਾਨ ਦੇ ਸਾਬਕਾ ਡਾਇਰੈਕਟਰ ਡਾ. ਧੀਰਜ ਸਿੰਘ ਇਸ ਮੁੱਦੇ ਨੂੰ ਚੁੱਕਦੇ ਹੋਏ ਕਹਿੰਦੇ ਨੇ ਕਿ ਭਾਰਤ ਵਿਚ ਸਰ੍ਹੋਂ ਦੀਆਂ 5477 ਕਿਸਮਾਂ ਤੋਂ ਇਲਾਵਾ ਕੋਈ 15,000 ਦੇ ਆਸ ਪਾਸ ਜੀਨ ਐਕਸਟਰੈਕਸ਼ਨ ਹਨ, ਜੋ ਕਿ ਜੈਨੇਟਿਕ ਤੌਰ 'ਤੇ ਪ੍ਰਦੂਸ਼ਿਤ ਹੋ ਸਕਦੇ ਹਨ । ਜੀ. ਐੱਮ. ਸਰ੍ਹੋਂ ਦੀ ਉਪਯੋਗਿਤਾ 'ਤੇ ਸਵਾਲ ਕਰਦੇ ਹੋਏ ਕੁਦਰਤੀ ਖੇਤੀ ਸਮੂਹਾਂ ਦਾ ਕਹਿਣਾ ਹੈ ਕਿ ਦੇਸ਼ ਵਿਚ ਤਿਲਾਂ ਦਾ ਉਤਪਾਦਨ ਵਧਾਉਣ ਲਈ ਰਾਜਨੀਤਿਕ ਇੱਛਾ ਸ਼ਕਤੀ ਦੀ ਲੋੜ ਹੈ ਨਾ ਕਿ ਖਤਰਨਾਕ ਟ੍ਰਾਂਸਜੈਨਿਕ ਫਸਲਾਂ ਦੀ । ਤਕਨੀਕ ਮੋਰਚੇ 'ਤੇ ਸਿਸਟਮ ਆਫ ਮਸਟਰਡ ਇੰਟੈਂਸੀਫਿਕੇਸ਼ਨ ਨਾਮਕ ਤਕਨੀਕ ਦਾ ਵੱਡੇ ਪੱਧਰ 'ਤੇ ਪ੍ਰਚਾਰ ਪ੍ਰਸਾਰ ਅਤੇ ਇਸ ਨੂੰ ਅਪਨਾਉਣ ਵਿਚ ਕਿਸਾਨਾਂ ਦੀ ਮਦਦ ਕਰ ਕੇ ਭਾਰਤ ਤਿਲ ਉਤ ਪਾਦਨ ਵਧਾਉਣ ਵਿਚ ਬੇਹੱਦ ਸਫਲਤਾ ਪ੍ਰਾਪਤ ਕਰ ਸਕਦਾ ਹੈ । ਇਸ ਸਾਰੀ ਬਹਿਸ ਅਤੇ ਤਰਕਾਂ ਤੋਂ ਬਾਅਦ ਇਕ ਗੱਲ ਜਿਸ 'ਤੇ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਸਾਹਿਬਾਨ ਨੇ ਵੀ ਜ਼ੋਰ ਦਿੱਤਾ, ਉਹ ਹੈ ਸਾਡੀ ਖੇਤੀ ਅਤੇ ਖੁਰਾਕ ਵਿਚ ਖੇਤੀ ਰਸਾਇਣਾਂ ਦਾ ਵੱਧ ਰਿਹਾ ਰੁਝਾਨ । ਸੁਪਰੀਮ ਕੋਰਟ ਬੈਂਚ ਨੇ ਆਖਿਆ, 'ਆਓ ਪਹਿਲਾਂ ਕੁਦਰਤ ਦਾ ਸਤਿਕਾਰ ਕਰੀਏ, ਕਿਸਾਨਾਂ ਨੇ ਪ੍ਰੰਪਰਾਗਤ ਖਾਦਾਂ ਦਾ ਇਸਤੇਮਾਲ ਕਿਉਂ ਬੰਦ ਕਰਤਾ । ਹੁਣ ਕਿਸਾਨ ਬਿਨਾਂ ਰਸਾਇਣਿਕ ਖਾਦਾਂ ਤੋਂ ਖੇਤੀ ਨਹੀਂ ਕਰ ਸਕਦੇ । ਭਾਰਤੀ ਖੇਤੀ ਹਮੇਸ਼ਾਂ ਤੋਂ ਕੁਦਰਤੀ ਹੀ ਰਹੀ ਹੈ, ਪਰ ਹੁਣ ਅਸੀਂ ਖੇਤੀ ਰਸਾਇਣਾਂ ਦੀ ਜਾਲ ਵਿਚ ਫਸ ਗਏ ਹਾਂ । ਇਹ ਭਾਰਤ ਦੇ ਕਿਸਾਨਾਂ ਦੀ ਸਭ ਤੋਂ ਵੱਡੀ ਸਮੱਸਿਆ ਹੈ ।'

ਇਹ ਕਹਿੰਦੇ ਹੋਏ ਸੁਪਰੀਮ ਕੋਰਟ ਦੇ ਜਸਟਿਸ ਬੀ ਵੀ ਨਾਗਾਰਤਨਾ ਅਤੇ ਜਸਟਿਸ ਸੰਜੇ ਕਰੋਲ ਨੇ ਜ਼ੋਰ ਦੇ ਕੇ ਕਿਹਾ, 'ਅਸੀਂ ਓਹੀ ਤੈਅ ਕਰਾਂਗੇ ਜੋ ਦੇਸ਼ ਦੇ ਹਿੱਤ ਵਿਚ ਹੈ ।' ਸੁਪਰੀਮ ਕੋਰਟ ਦੇ ਇਹ ਸ਼ਬਦ ਕੁਦਰਤੀ ਖੇਤੀ ਅਤੇ ਵਾਤਾਵਰਨ ਪ੍ਰੇਮੀਆਂ ਦੀ ਆਸ ਜਗਾਉਂਦੇ ਹਨ ਕਿ ਸਾਡੀ ਸਰ੍ਹੋਂ ਦੇ ਨਾਲ ਖਿਲਵਾੜ ਨਹੀਂ ਹੋਵੇਗਾ ।

### ਭਾਰਤ ਸਰ੍ਹੋਂ ਦੇ ਤੇਲ ਲਈ ਆਤਮ-ਨਿਰਭਰ

ਭਾਰਤ ਕੋਲ ਸਰ੍ਹੋਂ ਦੀਆਂ ਗੈਰ-ਜੀ ਐੱਮ ਹਾਈਬ੍ਰਿਡ ਅਨੇਕ ਕਿਸਮਾਂ ਮੌਜੂਦ ਹਨ । ਜੀ ਐੱਮ ਸਰ੍ਹੋਂ ਭਾਰਤ ਸਰਕਾਰ ਵੱਲੋਂ ਜੈਵਿਕ ਤੌਰ 'ਤੇ ਤਬਦੀਲ ਕੀਤੀ ਹੋਈ ਪਹਿਲੀ ਖੁਰਾਕੀ ਫਸਲ ਹੈ । ਇਸ ਤੋਂ ਪਹਿਲਾਂ ਵਿਗਿਆਨੀਆਂ ਸਮੇਤ ਵੱਡੇ ਪੱਧਰ 'ਤੇ ਦੇਸ਼ ਭਰ ਦੀਆਂ ਸਾਰੀਆਂ ਸਬੰਧਤ ਧਿਰਾਂ ਨਾਲ ਲੋਕਤੰਤਰੀ ਵਿਚਾਰ-ਵਟਾਂਦਰੇ ਤੋਂ ਬਾਅਦ ਯੂ ਪੀ ਏ ਸਰਕਾਰ ਫਰਵਰੀ 2010 ਵਿਚ ਬੀ ਟੀ ਬੈਂਗਣ ਦੀ ਫਸਲ 'ਤੇ ਅਣਮਿੱਥੇ ਸਮੇ ਤੱਕ ਲਈ ਪਾਬੰਦੀ ਆਇਦ ਕਰ ਚੁੱਕੀ ਹੈ । ਜਦੋਂ ਸਾਡੇ ਕੋਲ ਸਫਲ ਬਦਲ ਮੌਜੂਦ ਹਨ ਤਾਂ ਫਿਰ ਅਜਿਹੀ ਫਸਲ ਦੀ ਲੋੜ ਹੀ ਨਹੀਂ ਹੈ ਵਾਲਾ ਨੁਕਤਾ ਪਾਬੰਦੀ ਦਾ ਫੈਸਲਾ ਕਰਨ ਦਾ ਆਧਾਰ ਬਣਿਆ ਸੀ । ਇਹ ਬਹੁਤ ਹੀ ਵਾਜਬ ਨੁਕਤਾ ਹੈ ਕਿਉਂਕਿ ਗੈਰ-ਜੀਐੱਮ ਸਰ੍ਹੋਂ ਦੀਆਂ ਹਾਈਬ੍ਰਿਡ ਕਿਸਮਾਂ ਭਾਰਤ ਵਿਚ ਪਹਿਲਾਂ ਹੀ ਮੌਜੂਦ ਹਨ ਅਤੇ ਜਿੱਥੋਂ ਤੱਕ ਸਰ੍ਹੋਂ ਦੇ ਤੇਲ ਦੇ ਉਤਪਾਦਨ ਦੀ ਗੱਲ ਹੈ ਭਾਰਤ ਇਸ ਮਾਮਲੇ ਵਿਚ ਪਹਿਲਾਂ ਹੀ ਆਤਮ-ਨਿਰਭਰ ਹੈ ।

# ਘਰਾਂ ਅਤੇ ਘਰਾਂ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਲਈ ਸਜਾਵਟੀ ਬੂਟੇ ਲਗਾਓ



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ) ਪਟਿਆਲਾ।
ਮੋ : 75080-18903

ਆਪਣੇ ਘਰਾਂ ਜਾਂ ਦਫਤਰਾਂ ਨੂੰ ਸੁੰਦਰ ਅਤੇ ਮਨਮੋਹਕ ਬਣਾਉਣ ਲਈ ਗਮਲਿਆਂ ਵਿੱਚ ਸਜਾਵਟੀ ਬੂਟੇ ਲਗਾਉਣ ਲਈ ਹਰ ਕਿਸੇ ਦਾ ਦਿਲ ਕਰਦਾ ਹੈ,




ਪਰ ਇਸ ਸਬੰਧੀ ਪੂਰੀ ਤਕਨੀਕੀ ਜਾਣਕਾਰੀ ਨਾ ਹੋਣ ਕਾਰਨ ਗਮਲਿਆਂ ਵਿੱਚ ਸਫਲਤਾ-ਪੂਰਵਕ ਬੂਟੇ ਤਿਆਰ ਨਹੀਂ ਹੁੰਦੇ। ਸਾਨੂੰ ਸਜਾਵਟੀ ਬੂਟੇ ਲਾਉਣ ਲਈ ਨਰਸਰੀਆਂ ਤੋਂ 10" ਜਾਂ 12" ਸਾਈਜ਼ ਦੇ ਮਿੱਟੀ ਦੇ ਗਮਲੇ ਖਰੀਦਣੇ ਚਾਹੀਦੇ ਹਨ। ਇਨ੍ਹਾਂ ਗਮਲਿਆਂ ਨੂੰ ਭਰਨ ਲਈ 2 ਹਿੱਸੇ ਖੇਤ ਦੀ ਮਿੱਟੀ, 1 ਹਿੱਸਾ ਪੱਤਿਆਂ ਦੀ ਖਾਦ ਅਤੇ 1 ਹਿੱਸਾ ਗੋਬਰ ਦੀ ਗਲੀ-ਸੜੀ ਖਾਦ ਦਾ ਮਿਸ਼ਰਣ ਵਰਤਣਾ ਚਾਹੀਦਾ ਹੈ। ਇਸ ਮਿੱਟੀ ਵਿਚ 30 ਗ੍ਰਾਮ ਕਿਸਾਨ ਖਾਦ, 45 ਗ੍ਰਾਮ ਸੁਪਰਫਾਸਫੇਟ ਅਤੇ 30 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਕਿਊਬਿਕ ਮੀਟਰ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ। ਗਮਲੇ ਵਿੱਚ ਉਕਤ ਮਿਸ਼ਰਣ ਪਾਉਣ ਤੋਂ ਪਹਿਲਾਂ ਗਮਲੇ ਦੇ ਤਲ ਉੱਤੇ ਹੋਏ ਛੇਕ 'ਤੇ ਟੁੱਟੇ ਹੋਏ ਗਮਲੇ ਦੀ ਠੀਕਰੀ ਰੱਖੋ ਤਾਂ ਕਿ ਇਥੋਂ ਹੀ ਵਾਧੂ ਪਾਣੀ ਦਾ ਨਿਕਾਸ ਹੋ ਸਕੇ। ਗਮਲੇ ਵਿੱਚ ਸਜਾਵਟੀ ਬੂਟੇ ਲਗਾਉਣ ਉਪਰੰਤ ਪਾਣੀ ਪਾ ਦੇਣਾ ਚਾਹੀਦਾ ਹੈ। ਬੂਟੇ ਲਗਾਉਣ ਉਪਰੰਤ ਗਮਲੇ ਬਰਾਂਡੇ/ਕਮਰੇ ਵਿਚ ਰੱਖੇ ਜਾ ਸਕਦੇ ਹਨ। 7-10 ਦਿਨਾਂ ਬਾਅਦ ਗਮਲਿਆਂ ਨੂੰ ਇੱਕ ਜਾਂ ਦੋ ਦਿਨਾਂ ਲਈ ਧੁੱਪ ਵਿਚ ਹੀ ਰੱਖਣਾ ਚਾਹੀਦਾ ਹੈ ਤਾਂਕਿ ਸਜਾਵਟੀ ਬੂਟੇ ਧੁੱਪ ਵਿੱਚੋਂ ਆਪਣੀ ਖੁਰਾਕ ਤਿਆਰ ਕਰ ਸਕਣ। ਇਨ੍ਹਾਂ ਗਮਲਿਆਂ ਨੂੰ ਹਰ ਰੋਜ਼ ਪਾਣੀ ਨਹੀਂ ਦੇਣਾ ਚਾਹੀਦਾ। ਜਦੋਂ ਗਮਲੇ ਮੁਰਝਾਉਣ ਲੱਗਣ ਤਾਂ ਪਾਣੀ ਦੇਣਾ ਚਾਹੀਦਾ ਹੈ। ਫਰਵਰੀ, ਮਾਰਚ ਜਾਂ ਜੁਲਾਈ, ਅਗਸਤ



ਵਿੱਚ ਗਮਲਿਆਂ ਨੂੰ ਉਹੀ ਖਾਦ ਦਾ ਮਿਸ਼ਰਣ ਪਾ ਕੇ ਰੀਪਿਟਿੰਗ ਕਰਨੀ ਚਾਹੀਦੀ ਹੈ ਤਾਂਕਿ ਸਜਾਵਟੀ ਬੂਟਿਆਂ ਦੀ ਹਰਿਆਲੀ ਬਹਾਲ ਰੱਖੀ ਜਾ ਸਕੇ।

ਗਮਲਿਆਂ ਵਿੱਚ ਲਗਾਉਣ ਵਾਲੇ ਸਜਾਵਟੀ ਬੂਟਿਆਂ ਦੇ ਨਾਂ ਐਗਲੋਨੀਮਾਂ, ਐਸਪੈਰਾਗਸ, ਕੋਲੀਅਸ, ਕਰੋਟਾਨ,





ਡਾਈਫਨਵੇਚੀਆ, ਡਰਾਈਸਿਨਾ, ਫਰਨ, ਮੋਨਸਟਰਾ, ਪੀਲੀਆ ਮਸਕੋਸਾ, ਸਿਨਗੋਨੀਅਮ, ਐਰੀਕਾਪਾਮ, ਫਾਈਕਸ, ਰਬੜਪਲਾਂਟ, ਡਰਾਂਟਾਂ, ਕਾਲਾ ਗਰਾਸ, ਮਨੀਪਲਾਂਟ, ਸਨੋਬਾਲ, ਔਰਨਾਮੈਂਟਲ ਚਿੱਲੀ, ਲਾਜਵੰਤੀ, ਅਸਕੇਰੀਆ ਬਾਈਕਲਰ, ਹਮੇਲੀਆ, ਡਵਾਰਫ ਚਾਂਦਨੀ, ਡਵਾਰਫ ਵੇਰੀਗੇਟਿਡ ਚਾਂਦਨੀ, ਰਿਡੇਲੇਸੀਆ, ਨਾਰੰਗੀ, ਗੁਲਾਬ, ਯੂਫੋਰਬੀਆ, ਬੋਗਨਵਿਲਿਆ, ਮਾਜੂ, ਤਾੜਪਾਮ, ਸੈਫਲੇਰਾ, ਐਗਜ਼ੋਰਾ, ਲੈਨਟਾਨਾ, ਪਨਸ਼ਟੀਆ ਆਦਿ। ਇਹ ਬੂਟੇ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਜੰਗਲਾਤ ਵਿਭਾਗ ਪੰਜਾਬ ਅਤੇ ਪੁੱਡਾ ਦੀਆਂ ਸਰਕਾਰੀ ਨਰਸਰੀਆਂ ਤੋਂ ਵੀ ਵਾਜਬ ਰੇਟਾਂ 'ਤੇ ਖਰੀਦੇ ਜਾ ਸਕਦੇ ਹਨ।

ਜੇਕਰ ਗਮਲਿਆਂ ਦੇ ਬੂਟਿਆਂ ਨੂੰ ਸਿਉਂਕ ਲੱਗੀ ਜਾਪੇ ਤਾਂ ਕਲੋਰੋਪਾਈਰੀਫਾਸ 20 ਈ. ਸੀ. ਦਾ 2 ਮਿਲੀਲਿਟਰ ਪਾਣੀ ਦੇ ਹਿਸਾਬ ਨਾਲ ਘੋਲ ਗਮਲਿਆਂ ਵਿਚ ਪਾਓ। ਜੇਕਰ ਪੱਤਿਆਂ ਉੱਤੇ ਕੀੜੇ/ਮਕੌੜੇ ਦਾ ਹਮਲਾ ਜਾਪੇ ਤਾਂ ਰੋਗਰ 2 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ ਦਾ ਸਪਰੇਅ ਕਰੋ ਅਤੇ ਜੇਕਰ ਪੱਤਿਆਂ ਉੱਤੇ ਕਿਸੇ ਉੱਲੀ ਦੀ ਬਿਮਾਰੀ ਦਾ ਹਮਲਾ ਜਾਪੇ ਤਾਂ ਡਾਈਥੇਨ ਐਮ-45 ਦੋ ਗਰਾਮ ਪ੍ਰਤੀ ਲੀਟਰ ਪਾਣੀ ਦੇ ਘੋਲ ਦਾ ਸਪਰੇਅ ਕਰੋ। ਗਮਲਿਆਂ ਤੋਂ ਬਿਨਾਂ ਘਰਾਂ ਜਾਂ ਦਫਤਰਾਂ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਲਈ ਹੇਠ ਲਿਖੇ ਬੂਟੇ ਲਗਾਏ ਜਾ ਸਕਦੇ ਹਨ :-

1. **ਝਾੜੀਆਂ** : ਲੇਜ਼ਰਸਟਰੋਮੀਆ ਇੰਡੀਕਾ, (ਰੁਕਮੰਜਣੀ), ਕੇਸੀਆ ਗੁਲਾਕਾ, ਬੋਗਨਵਿਲੀਆ, ਰਬਿਸਕਸ, ਚਾਂਦਨੀ, ਟੀਕੋਮਾ



ਸਟੇਨਜ਼, ਗੋਲਡਨ ਡੁਰਾਂਟਾ, ਲਾਲਪੱਤੀ, ਰਾਤ ਦੀ ਰਾਣੀ, ਗਾਰਡੀਨੀਆ, ਮੋਤੀਆ, ਡੇਲਾ, ਮੁਸੰਡਾ, ਕਨੇਰ, ਪੇਨਟਸ, ਗੁਲਮੇਹਰੀ, ਮੁਰੱਈਆ, ਹਾਰ-ਸ਼ਿੰਗਾਰ, ਕਲੀਐਂਟਰਾ, ਹਮੇਲੀਆ, ਰੁਸੇਲੀਆ, ਸਦਾਬਹਾਰ।

2. **ਦਰੱਖਤ** : ਬੋਤਲ ਬੁਰਸ਼, ਕੇਸੀਆ ਜਾਵਾਨੀਕਾ, ਪਿੰਕ ਕੇਸੀਆ, ਮਿਕਸੀਕਾਨ ਸਿਲਕ ਕਾਟਨ ਟਰੀ, ਗੁਲਮੋਹਰ, ਕੋਰਲ ਟਰੀ, ਨੀਲੀ ਗੁਲਮੋਹਰ, ਪਰੀ ਚੰਪਾ, ਪਗੋਡਾ, ਬੜਾਚੇਪਾ।

3. **ਵੇਲਾਂ** : ਪੀਲੀ ਚਮੇਲੀ, ਬੋਗਨਵਿਲੀਆ, ਝੁਮਕਾ ਵੇਲ, ਲਸਨ ਵੇਲ, ਐਂਟੀਗਨੂਨ, ਕਲੇਰੋਡਿਨਫਰਾਨ ਸਪਲੈਨਡਸ, ਚਿੱਟੀ ਚਮੇਲੀ, ਗੋਲਡਨ ਸ਼ਾਵਰ, ਕਰਟਨ ਵੇਲ, ਵਿਸਟੀਰੀਆ ਸਾਈਨੈਨਸਸ।

ਉਕਤ ਸਾਰੇ ਬੂਟੇ ਦੋ ਤੋਂ ਢਾਈ ਫੁੱਟ ਡੂੰਘਾ ਟੋਆ ਪੁੱਟ ਕੇ ਲਾਉਣੇ ਚਾਹੀਦੇ ਹਨ। ਬੂਟੇ ਲਾਉਣ ਤੋਂ ਪਹਿਲਾਂ ਅੱਧੀ ਖੇਤ ਦੀ ਮਿੱਟੀ ਅਤੇ ਅੱਧੀ ਚੰਗੀ ਤਰ੍ਹਾਂ ਗਲੀ-ਸੜੀ ਗੋਹੇ ਦੀ ਖਾਦ ਮਿਕਸ ਕਰਕੇ ਟੋਆ ਭਰਨਾ ਚਾਹੀਦਾ ਹੈ। ਗੋਹੇ ਦੀ ਖਾਦ ਦੀ ਜਮ੍ਹਾਂ ਤੀਜਾ ਹਿੱਸਾ ਰੜਿਏ ਦੀ ਖਾਦ ਅਤੇ 2 ਹਿੱਸਾ ਮਿੱਟੀ ਪਾ ਦੇਣੀ ਚਾਹੀਦੀ ਹੈ। ਬੂਟਾ ਲਗਾਉਣ ਤੋਂ ਬਾਅਦ 20 ਮਿ. ਲੀ. ਕਲੋਰੋਪਾਈਰੀਫਾਸ 20 ਈ. ਸੀ. ਦਵਾਈ 10 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟਾ ਪਾਓ। ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਬਾਗਬਾਨੀ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ।

# ਸਬਜ਼ੀਆਂ ਵਿਚ 'ਖੁਰਾਕੀ ਤੱਤਾਂ' ਦੀ ਘਾਟ ਦੀ ਪਛਾਣ ਅਤੇ ਰੋਕਥਾਮ

ਹਰ ਇਕ ਫਸਲ ਦੇ ਵਾਧੇ ਲਈ ਹਵਾ, ਪਾਣੀ, ਧੁੱਪ ਅਤੇ ਸਹੀ ਤਾਪਮਾਨ ਤੋਂ ਇਲਾਵਾ ਵੱਡੇ ਅਤੇ ਛੋਟੇ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਵੱਡੇ ਤੱਤਾਂ ਦੀ ਸ਼੍ਰੇਣੀ ਵਿਚ ਆਕਸੀਜਨ, ਕਾਰਬਨ, ਹਾਈਡ੍ਰੋਜਨ, ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਗੰਧਕ ਆਉਂਦੇ ਹਨ। ਜਦਕਿ ਆਇਰਨ, ਜ਼ਿੰਕ, ਮੈਗਨੀਜ਼, ਤਾਂਬਾ, ਬੋਰੋਨ, ਮੋਲੀਬਡੇਨਮ ਅਤੇ ਕਲੋਰੀਨ ਤੱਤ ਸੂਖਮ/ਛੋਟੇ ਤੱਤਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਹ ਸਾਰੇ ਖੁਰਾਕੀ ਤੱਤ ਬੂਟੇ ਦੇ ਵਾਧੇ ਅਤੇ ਵਧੀਆ ਝਾੜ ਲਈ ਬਹੁਤ ਹੀ ਮਹੱਤਵਪੂਰਨ ਹਨ। ਫਸਲ ਵਿਚ ਕਿਸੇ ਵੀ ਤੱਤ ਦੀ ਘਾਟ ਆਉਣ ਉਪਰੰਤ ਝਾੜ ਤੇ ਮਾੜਾ ਅਸਰ ਪੈਂਦਾ ਹੈ, ਜਿਸ ਨਾਲ ਕਾਸ਼ਤਕਾਰਾਂ ਨੂੰ ਘਾਟਾ ਪੈਂਦਾ ਹੈ।

**ਨਾਈਟ੍ਰੋਜਨ** : ਇਸ ਦੀ ਘਾਟ ਉਨ੍ਹਾਂ ਜ਼ਮੀਨਾਂ ਵਿਚ ਆਉਂਦੀ ਹੈ, ਜਿਨ੍ਹਾਂ ਵਿਚ ਨਾਈਟ੍ਰੋਜਨ ਵਾਲੀਆਂ ਰਸਾਇਣਕ ਖਾਦਾਂ ਜਾਂ ਗਲਿਆ-ਸੜਿਆ ਮੱਲੜ ਜਾਂ ਦੇਸੀ ਰੂੜੀ ਨਾ ਪਾਈ ਹੋਵੇ। ਇਸ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ 'ਤੇ ਦਿਖਾਈ ਦਿੰਦੀਆਂ ਹਨ। ਸਭ ਤੋਂ ਪਹਿਲਾਂ ਪੱਤਾ ਨੋਕ ਤੋਂ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਬਾਅਦ ਵਿਚ ਪੀਲਾਪਣ ਪੱਤੇ ਦੀ ਮੁੱਖ ਨਾੜੀ ਦੇ ਨਾਲ-ਨਾਲ ਵਧਦੀ ਹੋਈ ਪੱਤੇ ਦੇ ਮੁੱਢ ਤੱਕ ਪਹੁੰਚ ਜਾਂਦੀ ਹੈ। ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟੇ ਨੂੰ ਟਾਹਣੀਆਂ ਅਤੇ ਫਲ-ਫੁੱਲ ਘੱਟ ਲੱਗਦੇ ਹਨ। ਪੌਦਿਆਂ ਦਾ ਕੂਲਾਪਣ ਘਟ ਜਾਂਦਾ ਹੈ।

**ਰੋਕਥਾਮ** : ਫਸਲ ਦੀ ਸਿਫਾਰਸ਼ ਕੀਤੀ ਰੂੜੀ ਅਤੇ ਨਾਈਟ੍ਰੋਜਨ ਦੀ ਖਾਦ ਸਹੀ ਮਾਤਰਾ ਵਿਚ ਸਹੀ ਸਮੇਂ 'ਤੇ ਵਰਤੋ।

**ਫਾਸਫੋਰਸ** : ਇਸ ਦੀ ਘਾਟ ਰੇਤਲੀਆਂ ਅਤੇ ਜੈਵਿਕ ਮਾਦੇ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਆਉਂਦੀ ਹੈ। ਜਿਨ੍ਹਾਂ ਜ਼ਮੀਨਾਂ ਵਿਚ ਲੋਹੇ ਅਤੇ ਐਲਮੀਨੀਅਮ ਦੇ ਆਕਸਾਈਡ ਅਤੇ ਕੈਲਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਉਥੇ ਫਾਸਫੋਰਸ ਦੀ ਪ੍ਰਾਪਤੀ ਤੋਂ ਮਾੜਾ ਅਸਰ ਪੈਂਦਾ ਹੈ। ਜਿਸ ਬੂਟੇ ਦੀ ਫਾਸਫੋਰਸ ਦੀ ਘਾਟ ਆ ਜਾਂਦੀ ਹੈ। ਇਸ ਤੱਤ ਦੀ ਘਾਟ ਨਾਲ ਬੂਟੇ ਦੇ ਪੁਰਾਣੇ ਪੱਤੇ ਗੂੜ੍ਹੇ ਹਰੇ ਹੋ ਕੇ ਬਾਅਦ ਵਿਚ ਨੁੱਕਰਾਂ ਤੋਂ ਜਾਮਣੀ ਰੰਗ ਦੇ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਸ ਨਾਲ ਹੌਲੀ-ਹੌਲੀ ਸਾਰੇ ਪੱਤੇ ਵਿਚ ਮੁੱਢ ਤੱਕ ਜਾਮਣੀਪਣ ਆ ਜਾਂਦਾ ਹੈ। ਜ਼ਿਆਦਾ ਘਾਟ ਹੋਣ ਦੀਆਂ ਹਾਲਤਾਂ ਵਿਚ ਪੂਰਾ ਬੂਟਾ ਹੀ ਜਾਮਣੀ ਹੋ ਜਾਂਦਾ ਹੈ ਅਤੇ ਬੂਟੇ ਦਾ ਵਾਧਾ ਰੁਕ ਜਾਂਦਾ ਹੈ। ਪੱਤਿਆਂ ਦੇ ਨਾਲ-ਨਾਲ ਫੁੱਲ ਵੀ ਜਾਮਣੀ ਹੋ ਜਾਂਦੇ ਹਨ, ਜੋ ਕਿ ਮੰਡੀਕਰਨ ਯੋਗ ਨਹੀਂ ਹੁੰਦੇ।

**ਰੋਕਥਾਮ** : ਫਸਲ ਮੁਤਾਬਕ ਸਿਫਾਰਸ਼ ਕੀਤੀ ਹੋਈ ਫਾਸਫੋਰਸ ਖਾਦ ਦੀ ਮਾਤਰਾ ਜ਼ਮੀਨ ਵਿਚ ਬਿਜਾਈ ਸਮੇਂ ਪਾਓ। ਫਾਸਫੋਰਸ ਖਾਦਾਂ ਦੀ ਘੁਲਣਸ਼ੀਲਤਾ ਘੱਟ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਬੀਜ/ਬੂਟੇ ਦੀਆਂ ਜੜ੍ਹਾਂ ਦੇ ਨੇੜੇ ਕਰੋ।

**ਪੋਟਾਸ਼ੀਅਮ** : ਰੇਤਲੀਆਂ ਅਤੇ ਘੱਟ ਜੈਵਿਕ ਮਾਦੇ ਵਾਲੀਆਂ ਜ਼ਮੀਨਾਂ ਵਿਚ ਇਸ ਤੱਤ ਦੀ ਘਾਟ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਪੋਟਾਸ਼ੀਅਮ ਵਾਲੀਆਂ ਖਾਦਾਂ ਨਾ ਪਾਉਣ ਵਾਲੀਆਂ ਜ਼ਮੀਨਾਂ ਵਿਚ ਇਸ ਦੀ ਘਾਟ ਅਕਸਰ ਆਉਂਦੀ ਹੈ। ਇਸ ਤੱਤ ਦੀ ਘਾਟ ਨਾਲ ਪੁਰਾਣੇ ਪੱਤਿਆਂ ਦੇ ਕੰਢੇ ਅਤੇ ਨੁੱਕਰਾਂ ਪੀਲੀਆਂ ਹੋ ਜਾਂਦੀਆਂ ਹਨ। ਇਹ ਪੀਲਾਪਣ ਪੱਤੇ ਦੇ ਮੁੱਢ ਵੱਲ ਵੱਧਦਾ ਹੈ। ਜਿਵੇਂ-ਜਿਵੇਂ ਪੀਲਾਪਣ ਵੱਧਦਾ ਹੈ, ਪੱਤੇ ਦਾ ਪਹਿਲਾਂ ਪੀਲਾ ਪਿਆ ਹਿੱਸਾ ਭੂਰਾ ਹੋ ਜਾਂਦਾ ਹੈ ਜੋ ਕਿ ਪੱਤੇ 'ਤੇ ਸਾੜ੍ਹ ਦੀ ਤਰ੍ਹਾਂ ਲੱਗਦਾ ਹੈ। ਜ਼ਿਆਦਾ ਘਾਟ ਦੀਆਂ ਹਾਲਤਾਂ ਵਿਚ ਪੁਰਾਣੇ ਅਤੇ ਪੱਤੇ ਭੂਰੇ ਹੋ ਜਾਂਦੇ ਹਨ।

**ਰੋਕਥਾਮ** : ਫਸਲ ਮੁਤਾਬਕ ਬਿਜਾਈ ਸਮੇਂ ਪੋਟਾਸ਼ੀਅਮ ਵਾਲੀ ਖਾਦ ਦੀ ਸ਼ਿਫਾਰਸ਼ ਮਾਤਰਾ ਪਾਓ।

**ਗੰਧਕ** : ਗੰਧਕ ਦੀ ਘਾਟ ਰੇਤਲੀਆਂ, ਘੱਟ ਜੈਵਿਕ ਮਾਦਾ ਵਾਲੀਆਂ ਅਤੇ ਨਹਿਰੀ ਪਾਣੀ ਦੀ ਸਿੰਚਾਈ ਵਾਲੀਆਂ ਜ਼ਮੀਨਾਂ ਵਿਚ ਵਧੇਰੇ ਆਉਂਦੀ ਹੈ। ਇਸ ਤੱਤ ਦੀ ਘਾਟ ਸਭ ਤੋਂ ਪਹਿਲਾਂ ਨਵੇਂ ਪੱਤਿਆਂ 'ਤੇ ਆਉਂਦੀ ਹੈ, ਜੋ ਕਿ ਹਲਕੇ ਹਰੇ ਤੋਂ ਪੀਲੇ ਹੋ ਜਾਂਦੇ ਹਨ। ਬੂਟੇ ਦੀ ਘਾਟ ਵਧਣ ਦੇ ਹਾਲਤਾਂ ਵਿਚ ਪੂਰਾ ਪੱਤਾ ਹੀ ਪੀਲਾ ਹੋ ਜਾਂਦਾ ਹੈ।

**ਰੋਕਥਾਮ** : ਘਾਟ ਵਾਲੀਆਂ ਜ਼ਮੀਨਾਂ ਵਿਚ ਸਿੰਗਲ ਸੁਪਰ ਫਾਸਫੋਰਸ ਦੀ ਵਰਤੋਂ ਨੂੰ ਤਰਜੀਹ ਦਿਓ। ਬਿਜਾਈ ਵੇਲੇ 50-100 ਕਿਲੋ ਜਿਪਸਮ ਪ੍ਰਤੀ ਏਕੜ ਦੀ ਵਰਤੋਂ ਕਰੋ ਤਾਂ ਜੋ ਇਸ ਘਾਟ ਤੋਂ ਬਚਿਆ ਜਾ ਸਕੇ।

**ਮੈਗਨੀਜ਼** : ਰੇਤਲੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ ਵਿਚ ਇਸ ਦੀ ਘਾਟ ਆਉਂਦੀ ਹੈ। ਇਸ ਦੀ ਘਾਟ ਨਾਲ ਨਵੇਂ ਪੱਤਿਆਂ ਉੱਪਰ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ। ਜਦ ਕਿ ਨਾੜੀਆਂ ਹਰੀਆਂ ਹੀ ਰਹਿੰਦੀਆਂ ਹਨ। ਬਾਅਦ ਵਿਚ ਪੀਲੇ ਹਿੱਸੇ ਵਿਚ ਭੂਰੇ ਲਾਲ ਜਾਂ ਭੂਰੇ ਕਾਲੇ ਜਾਂ ਸਲੇਟੀ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ। ਜ਼ਿਆਦਾ ਘਾਟ ਵਿਚ ਧੱਬਿਆਂ ਵਾਲਾ ਹਿੱਸਾ ਮਰ ਜਾਂਦਾ ਹੈ।

**ਰੋਕਥਾਮ** : ਇਸ ਤੱਤ ਦੀ ਘਾਟ ਦੀ ਰੋਕਥਾਮ ਲਈ 0.2-0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ (200-500 ਗ੍ਰਾਮ/ 100 ਲਿਟਰ ਪਾਣੀ) ਦੇ ਘੋਲ ਦਾ ਛਿੜਕਾ ਕਰੋ। ਹਫਤੇ-ਹਫਤੇ ਬਾਅਦ 2 ਤੋਂ 4 ਛਿੜਕਾ ਘਾਟ ਅਨੁਸਾਰ ਕਰੋ।

**ਕ੍ਰਿਸ਼ੀ ਵਿਗਿਆਨ ਕੇਂਦਰ, ਨੂਰਮਹਿਲ**



# ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਕਿਸਾਨਾਂ ਦੀ ਜੀਵਨ ਰੇਖਾ

ਐਮ ਐਸ ਪੀ ਸਮਰਥਨ ਮੁੱਲ) ਕੇਂਦਰ ਸਰਕਾਰ ਦੁਆਰਾ ਸਿਫਾਰਸ਼ ਕੀਤੀ ਗਈ ਇੱਕ ਖੇਤੀ ਨੀਤੀ ਹੈ । ਇਸਦਾ ਉਦੇਸ਼ ਕਿਸਾਨਾਂ ਨੂੰ ਉਹਨਾਂ ਦੀਆਂ ਖੇਤੀ ਫਸਲ ਉਪਜ ਲਈ ਘੱਟੋ-ਘੱਟ ਲਾਹੇਵੰਦ ਕੀਮਤਾਂ ਪ੍ਰਦਾਨ ਕਰਨਾ, ਬਾਜ਼ਾਰ ਵਿਚ ਮਹਿੰਗਾਈ ਨੂੰ ਕੰਟਰੋਲ ਕਰਕੇ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਦੇਸ਼ ਦੀ ਖੁਰਾਕੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ । ਐਮ ਐਸ ਪੀ 1966-67 ਵਿਚ ਲਾਗੂ ਕੀਤੀ ਗਈ ਸੀ, ਜਦੋਂ ਭਾਰਤ ਵਿਚ ਖੁਰਾਕੀ ਵਸਤਾਂ ਦੀ ਭਾਰੀ ਕਮੀ ਸੀ । ਫਿਰ ਸਰਕਾਰ ਨੇ ਘਰੇਲੂ ਉਤਪਾਦਨ ਨੂੰ ਵਧਾਉਣ ਲਈ ਕਣਕ



**ਡਾ. ਵਰਿੰਦਰ ਸਿੰਘ ਲਾਠਰ,**
ਸਾਬਕਾ ਪ੍ਰਿੰਸੀਪਲ ਸਾਇੰਟਿਸਟ (ਜੈਨੇਟਿਕਸ ਅਤੇ ਸਾਈਟੋਜੈਨੇਟਿਕਸ), ਭਾਰਤੀ ਖੇਤੀ ਖੋਜ ਸੰਸਥਾਨ, ਨਵੀਂ ਦਿੱਲੀ । ਮੋ. 94 1680 1607

ਅਤੇ ਚੌਲਾਂ ਦੀਆਂ ਸੁਧਰੀਆਂ ਬੌਣੀ ਕਿਸਮਾਂ ਦੇ ਬੀਜਾਂ, ਚੰਗੀ ਸਿੰਚਾਈ ਪ੍ਰਣਾਲੀਆਂ, ਮਸ਼ੀਨੀਕਰਨ ਦੇ ਨਾਲ ਮਹਿੰਗੀ 'ਹਰੀ ਕ੍ਰਾਂਤੀ ਤਕਨਾਲੋਜੀ', ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਨੂੰ ਉਤਸ਼ਾਹਿਤ ਕੀਤਾ । ਖੇਤੀ ਲਾਗਤਾਂ ਦੀ ਭਰਪਾਈ ਲਈ, ਸਰਕਾਰ ਨੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਵਿੱਤੀ ਸਹਾਇਤਾ ਦੀ ਗਰੰਟੀ ਦਿੱਤੀ ਸੀ । ਜਿਸ ਦੇ ਨਤੀਜੇ ਵਜੋਂ ਅਨਾਜ ਉਤਪਾਦਨ ਵਿਚ ਵਾਧਾ ਹੋਇਆ ਅਤੇ ਭਾਰਤ ਦੀ ਅਨਾਜ ਵਿੱਚ ਸਵੈ-ਨਿਰਭਰਤਾ ਸੁਰੱਖਿਅਤ ਹੋਈ ।

ਐਮ ਐਸ ਪੀ ਮੁੱਲ 'ਤੇ ਸਿਰਫ ਸਰਕਾਰ ਦੀ ਖਰੀਦ ਦੀ ਬਜਾਏ, ਵਿਆਪਕ ਪਹੁੰਚ ਅਪਣਾਉਣ ਦੀ ਲੋੜ ਹੈ ਕਿਉਂਕਿ, ਐਮ ਐਸ ਪੀ ਮੂਲ ਰੂਪ ਵਿਚ ਭਾਰਤ ਦੀ ਖੁਰਾਕ ਸੁਰੱਖਿਆ ਅਤੇ ਕਿਸਾਨਾਂ ਦੀ ਜੀਵਨ ਰੇਖਾ ਨੂੰ ਯਕੀਨੀ ਬਣਾਉਣ ਲਈ ਇਕ ਕੀਮਤ ਗਰੰਟੀ ਵਿਧੀ ਹੈ, ਜਿਸ ਨੂੰ ਸਰਕਾਰ ਅਤੇ ਬਾਜ਼ਾਰ ਦੋਵਾਂ ਦੁਆਰਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ । ਐਮ ਐਸ ਪੀ ਨੂੰ ਕਾਨੂੰਨੀ ਗਰੰਟੀ ਬਣਾਉਣ ਲਈ, ਏ ਪੀ ਐਮ ਸੀ ਐਕਟ ਵਿਚ ਇਕ ਧਾਰਾ ਪਾਉਣ ਦੀ ਜ਼ਰੂਰਤ ਹੈ ਕਿ 'ਏ ਪੀ ਐਮ ਸੀ ਮੰਡੀਆਂ ਵਿਚ ਘੋਸ਼ਿਤ ਐਮ ਐਸ ਪੀ ਕੀਮਤਾਂ ਤੋਂ ਘੱਟ ਕੀਮਤ ਤੇ ਖੇਤੀਬਾੜੀ ਉਤਪਾਦਾਂ ਦੀ ਨਿਲਾਮੀ ਦੀ ਕਾਨੂੰਨੀ ਤੌਰ 'ਤੇ ਆਗਿਆ ਨਹੀਂ ਹੈ '।

ਐਮ ਐਸ ਪੀ ਕਾਨੂੰਨੀ ਗਰੰਟੀ ਨੂੰ ਲਾਗੂ ਕਰਨ ਅਤੇ ਸੰਚਾਲਨ ਨੂੰ ਲੈ ਕੇ ਕਈ ਖਦਸ਼ੇ ਪ੍ਰਗਟਾਏ ਜਾ ਰਹੇ ਹਨ ;

1. ਜ਼ਿਆਦਾਤਰ ਖੇਤੀ ਉਪਜ APMC ਦੀ ਬਿਜ਼ਾਰਾਂ ਵਿਚ ਨਹੀਂ ਵਿਕਦੀ ;
2. ਵਪਾਰੀ ਖੇਤੀ ਉਪਜ ਖਰੀਦਣ ਦਾ ਬਾਈਕਾਟ ਕਰ ਸਕਦੇ ਹਨ;
3. ਖਰੀਦੀ ਗਈ ਖੇਤੀ ਉਪਜ ਨੂੰ ਖਰੀਦਣ, ਸਟੋਰ ਕਰਨ, ਮੰਡੀਕਰਨ ਆਦਿ ਲਈ ਸਰਕਾਰ ਕੋਲ ਭੌਤਿਕ ਅਤੇ ਆਰਥਿਕ ਸਾਧਨ ਨਹੀਂ ਹਨ ।

ਪ੍ਰਸ਼ਾਸਨਿਕ ਅਤੇ ਵਪਾਰਕ ਭਾਈਚਾਰਿਆਂ ਦੇ ਸਵਾਰਥੀ ਲਾਬੀਆਂ ਦੁਆਰਾ ਫੈਲਾਈਆਂ ਗਈਆਂ ਇਹ ਸਾਰੀਆਂ ਖਦਸ਼ਾਵਾਂ ਤਰਕਹੀਣ ਹਨ । ਕਿਉਂਕਿ ਘਰੇਲੂ ਮੰਗ ਦੇ ਮੁਕਾਬਲੇ ਭਾਰਤ ਵਿਚ ਕਣਕ ਅਤੇ ਚੌਲਾਂ ਦੇ ਉਤਪਾਦਨ ਵਿਚ ਮਾਮੂਲੀ ਵਾਧਾ ਹੈ, ਜਦੋਂ ਕਿ ਤੇਲ ਬੀਜਾਂ, ਦਾਲਾਂ ਅਤੇ ਹੋਰ ਫਸਲਾਂ ਦੇ ਉਤਪਾਦਨ ਵਿਚ ਅਜੇ ਵੀ ਭਾਰੀ ਘਾਟਾ ਹੈ । 2022 ਵਿਚ ਦੇਸ਼ ਵਿਚ ਕਣਕ ਦੀ ਘਰੇਲੂ ਖਪਤ ਦੀ ਮੰਗ ਲਗਭਗ 103 ਮਿਲੀਅਨ ਮੀਟ੍ਰਿਕ ਟਨ ਅਤੇ ਚੌਲਾਂ ਦੀ 109 ਮਿਲੀਅਨ ਮੀਟ੍ਰਿਕ ਟਨ ਸੀ । ਫਰਵਰੀ-2022 ਦੌਰਾਨ ਅਚਾਨਕ ਤਾਪਮਾਨ ਵਧਣ ਕਾਰਨ ਕਣਕ ਦੇ ਉਤਪਾਦਨ ਵਿਚ ਕਮੀ ਦੇ ਪ੍ਰਭਾਵ ਕਾਰਨ ਭਾਰਤ ਸਰਕਾਰ ਨੂੰ ਮਈ-2022 ਵਿਚ ਕਣਕ ਦੀ ਬਰਾਮਦ 'ਤੇ ਪਾਬੰਦੀ ਲਗਾਉਣ ਲਈ ਮਜਬੂਰ ਕੀਤਾ ਗਿਆ ਸੀ । ਮੌਨਸੂਨ ਦੀ ਅਨਿਸ਼ਚਿਤਤਾ ਕਾਰਨ ਸਾਉਣੀ ਸੀਜ਼ਨ-2023 ਦੌਰਾਨ ਝੋਨਾ ਲਾਉਣ ਵਾਲੇ ਖੇਤਰ ਵਿਚ ਕਮੀ ਦੇ ਮੱਦੇ ਨਜ਼ਰ ਸਥਾਨਕ ਸਪਲਾਈ ਵਧਾਉਣ ਦੀ ਕੋਸ਼ਿਸ਼ ਵਿਚ ਚੌਲਾਂ ਦੀ ਬਰਾਮਦ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਸੀ । ਇਸ ਲਈ, ਵਪਾਰੀਆਂ ਦੁਆਰਾ ਐਮ ਐਸ ਪੀ ਕਾਨੂੰਨੀ ਪ੍ਰਣਾਲੀਆਂ ਤੋਂ ਖੇਤੀਬਾੜੀ ਉਤਪਾਦਾਂ ਨੂੰ ਸੰਭਾਵਤ ਤੌਰ 'ਤੇ ਬਾਹਰਰ ਰੱਖਣਾ ਇਕ ਤਰਕਹੀਣ ਦਲੀਲ ਹੈ ਕਿਉਂਕਿ ਖੁਰਾਕੀ ਵਸਤਾਂ ਦੀ ਸਪਲਾਈ ਖੇਤੀਬਾੜੀ ਉਤਪਾਦਾਂ ਦੀ ਮੰਗ ਨਾਲੋਂ ਘੱਟ ਹੈ ਅਤੇ ਸਰਕਾਰੀ ਨੀਤੀ 'ਤੇ ਨਿਰਭਰ ਕਰੇਗੀ । ਜੇਕਰ ਵਪਾਰੀ ਸਰਕਾਰ ਦੀ ਨੀਤੀ ਦੇ ਵਿਰੋਧ ਵਿਚ ਖੇਤੀ ਉਪਜ ਦੀ ਖਰੀਦ ਦਾ ਬਾਈਕਾਟ ਕਰਨਗੇ ਤਾਂ ਸਰਕਾਰ ਉਨ੍ਹਾਂ ਨੂੰ ਆਯਾਤ ਕਰਨ ਦੀ ਇਜਾਜ਼ਤ ਕਿਉਂ ਦੇਵੇਗੀ । ਸਾਲ-2023 ਲਈ ਮਿੱਥੇ ਗਏ 44.4 ਮਿਲੀਅਨ ਮੀਟ੍ਰਿਕ ਟਨ ਦੇ ਮੁਕਾਬਲੇ ਸਰਕਾਰ ਸਿਰਫ 26 ਮਿਲੀਅਨ ਮੀਟ੍ਰਿਕ ਟਨ ਕਣਕ ਦੀ ਖਰੀਦ ਕਰ ਸਕੀ ਹੈ ਅਤੇ ਘਰੇਲੂ ਮੰਡੀ ਵਿਚ ਕੀਮਤਾਂ ਨੂੰ ਕੰਟਰੋਲ ਕਰਨ ਲਈ ਸਰਕਾਰ ਨੇ ਕਣਕ ਦੇ ਨਿਰਯਾਤ ਅਤੇ ਸਟੋਰੇਜ ਦੀਆਂ ਸੀਮਾਵਾਂ /ਪਾਬੰਦੀਆਂ ਲਗਾਈਆਂ ਸਨ ।

ਭਾਰਤ ਵਰਗੇ ਦੇਸ਼ ਵਿਚ, ਜਿਸਦੀ ਅਰਥ ਵਿਵਸਥਾ 5 ਟ੍ਰਿਲੀਅਨ ਡਾਲਰ (415 ਲੱਖ ਕਰੋੜ ਰੁਪਏ) ਸਾਲਾਨਾ ਹੋਣ ਦਾ ਦਾਅਵਾ ਕਰਦੀ ਹੈ ਅਤੇਸਰਕਾਰ ਉਦਯੋਗਪਤੀਆਂ ਦੇ 20-25 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰ ਰਹੀ ਹੈ, ਕਿਸਾਨਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਐਮ ਐਸ ਪੀ ਗਰੰਟੀ ਕਾਨੂੰਨ ਨੂੰ ਲਾਗੂ ਕਰਨਾ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ । ਸਰਕਾਰ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ, 60 ਮਿਲੀਅਨ ਮੀਟ੍ਰਿਕ ਟਨ ਤੋਂ ਵੱਧ ਝੋਨੇ (ਮੰਡੀਕਰਨ ਯੋਗ ਸਰਪਲੱਸ ਦਾ 65%) ਅਤੇ 26 ਮਿਲੀਅਨ ਮੀਟ੍ਰਿਕ ਟਨ ਕਣਕ ਦੀ ਖਰੀਦ ਲਈ ਕਿਸਾਨਾਂ ਨੂੰ 2.26 ਕਰੋੜ ਰੁਪਏ ਤੋਂ ਵੱਧ ਦਾ ਟਰਾਂਸਫਰ ਕੀਤਾ ਗਿਆ ਸੀ । ਇਸ ਤੋਂ ਇਲਾਵਾ, ਭਾਰਤ ਨੇ 2022-23 ਵਿਚ 1.38 ਲੱਖ ਕਰੋੜ ਰੁਪਏ ਦੇ ਖਾਣ ਵਾਲੇ ਤੇਲ ਅਤੇ 20 ਹਜ਼ਾਰ ਕਰੋੜ ਰੁਪਏ ਦੀ ਦਾਲਾਂ ਦੀ ਦਰਾਮਦ ਕੀਤੀ ਹੈ, ਯਾਨੀ ਭਾਰਤ ਪਹਿਲਾਂ ਹੀ ਸਰਕਾਰੀ ਖਰੀਦ ਅਤੇ ਖੇਤੀਬਾੜੀ ਉਤਪਾਦਾਂ ਦੀ ਦਰਾਮਦ 'ਤੇ 5 ਲੱਖ ਕਰੋੜ ਰੁਪਏ ਤੋਂ ਵੱਧ ਖਰਚ ਕਰ ਰਿਹਾ ਹੈ । ਇਸ ਲਈ, ਇਹ ਦਾਅਵੇ ਕਿ ਐਮ ਐਸ ਪੀ ਕਾਨੂੰਨੀ ਗਰੰਟੀ ਭਾਰਤ ਲਈ ਵਿੱਤੀ ਤਬਾਹੀ ਵੱਲ ਲੈ ਜਾਵੇਗੀ, ਤਰਕਹੀਣ ਹਨ ਕਿਉਂਕਿ 23 ਫਸਲਾਂ ਦੇ ਕੁੱਲ ਉਤਪਾਦਨ ਦਾ ਐਮ ਐਸ ਪੀ ਮੁੱਲ ਸਰਕਾਰੀ ਅਨੁਮਾਨਾਂ ਅਨੁਸਾਰ ਲਗਭਗ 17 ਲੱਖ ਕਰੋੜ ਰੁਪਏ ਹੈ ਅਤੇ ਐਸ ਕੇ ਐਮ (ਸੰਯੁਕਤ ਕਿਸਾਨ ਮੋਰਚਾ) ਅਨੁਸਾਰ ਸਿਰਫ 10 ਲੱਖ ਕਰੋੜ ਰੁਪਏ ਹੈ । ਜਦੋਂ ਕਿ ਖੇਤੀ ਉਪਜ ਦਾ ਸਿਰਫ 70% ਹੀ ਮੰਡੀਆਂ ਵਿਚ ਵਿਕਣਯੋਗ ਸਰਪਲੱਸ ਵਜੋਂ ਵੇਚਿਆ ਜਾਂਦਾ ਹੈ ਅਤੇ ਬਾਕੀ ਕਿਸਾਨ ਪਰਿਵਾਰ ਘਰੇਲੂ ਕੰਮਾਂ ਲਈ ਵਰਤਦੇ ਹਨ । ਇਸ ਤਰ੍ਹਾਂ, ਜੇਕਰ ਵਪਾਰਕ ਭਾਈਚਾਰਾ ਏ ਪੀ ਐਮ ਸੀ ਬਾਜ਼ਾਰਾਂ ਦਾ ਪੂਰੀ ਤਰ੍ਹਾਂ ਬਾਈਕਾਟ ਵੀ ਕਰ ਦਿੰਦਾ ਹੈ, ਤਾਂ ਵੀ CRISIL ਦੇ ਡਾਇਰੈਕਟਰ ਪੂਸ਼ਨ ਸ਼ਰਮਾ ਅਨੁਸਾਰ, ਸਰਕਾਰ ਨੂੰ ਐਮ ਐਸ ਪੀ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਨੂੰ ਲਾਗੂ ਕਰਨ ਲਈ ਸਿਰਫ 6 ਲੱਖ ਕਰੋੜ ਰੁਪਏ ਦੇ ਕੇਂਦਰੀ ਖੇਤੀਬਾੜੀ ਫੰਡ ਦੀ ਲੋੜ ਪਵੇਗੀ ਅਤੇ ਸਰਕਾਰ ਸਿਰਫ ਉਹੀ ਖੇਤੀ ਉਤਪਾਦਨ ਖਰੀਦੇਗੀ ਜਿਸ ਦੀ ਮਾਰਕੀਟ ਵਿਚ ਕੀਮਤ ਐਮ ਐਸ ਪੀ ਮੁੱਲ ਤੋਂ ਘੱਟ ਹੈ । ਉਸੇ ਸਾਲ ਖਰੀਦੀ ਗਈ ਖੇਤੀ ਉਪਜ ਨੂੰ ਖੁੱਲੀ ਮੰਡੀ ਵਿਚ ਵੇਚ ਕੇ ਅੰਤਰਰਾਸ਼ਟਰੀ ਮੰਡੀ ਵਿਚ ਨਿਰਯਾਤ ਕਰਕੇ ਸਰਕਾਰ, ਖਰਚ ਕੀਤਾ ਪੈਸਾ ਨੂੰ ਵਾਪਸ ਪ੍ਰਾਪਤ ਕਰ ਸਕਦੀ ਹੈ ।

ਐਮ ਐਸ ਪੀ ਮੁੱਲ ਦੀ ਕਾਨੂੰਨੀ ਗਰੰਟੀ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਏਗੀ ਅਤੇ ਬਾਜ਼ਾਰ ਦੀ ਮਹਿੰਗਾਈ ਨੂੰ ਕੰਟਰੋਲ ਕਰੇਗੀ, ਜਿਸ ਨਾਲ ਕਿਸਾਨਾਂ ਨੂੰ ਵਿਚੋਲਿਆਂ ਦੇ ਸ਼ੋਸ਼ਣ ਤੋਂ ਬਚਾਇਆ ਜਾ ਸਕੇਗਾ, ਜਿਸ ਨਾਲ ਉਨ੍ਹਾਂ ਨੂੰ ਸੁਧਰੀ ਖੇਤੀ ਉਤਪਾਦਨ ਤਕਨੀਕਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇਗਾ ।

ਇਸ ਤੋਂ ਇਲਾਵਾ, ਇਹ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਦਖਲ-ਅੰਦਾਜ਼ੀ ਵਿਧੀ ਨਾਲ ਮਾਰਕੀਟ ਮਹਿੰਗਾਈ ਨੂੰ ਕੰਟਰੋਲ ਕਰੇਗਾ, ਜਿਵੇਂ ਕਿ ਪਿਛਲੇ ਕੁਝ ਸਾਲਾਂ ਦੌਰਾਨ ਸਰਕਾਰ ਦੁਆਰਾ ਖਰੀਦੀਆਂ ਗਈਆਂ ਖੇਤੀ ਉਪਜਾਂ ਨੂੰ ਖੁੱਲ੍ਹੇ ਬਾਜ਼ਾਰਾਂ ਵਿਚ ਵੇਚ ਕੇ ਨਿਯਮਤ ਤੌਰ 'ਤੇ ਕੀਤਾ ਜਾ ਰਿਹਾ ਹੈ । ਐਮ ਐਸ ਪੀ ਕਾਨੂੰਨੀ ਗਰੰਟੀ ਤੇਲ ਬੀਜਾਂ ਅਤੇ ਦਾਲਾਂ ਸਮੇਤ ਸਾਰੀਆਂ ਖੇਤੀ ਵਸਤਾਂ ਵਿਚ ਸਵੈ-ਨਿਰਭਰਤਾ ਦੁਆਰਾ ਭਾਰਤ ਦੀ ਟਿਕਾਊ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਏਗੀ, ਜੋ ਕਿ ਕਿਸਾਨਾਂ ਲਈ ਪਾਣੀ ਸੰਬੰਧਿਤ ਅਨਾਜ ਫਸਲਾਂ ਦੇ ਉਤਪਾਦਨ ਨਾਲੋਂ ਵਧੇਰੇ ਲਾਭਕਾਰੀ ਹੋਵੇਗੀ ।

